ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖ਼ਾਲਸਾ ਸਮਾਚਾਰ
# Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-


ਅੰਕ ੨੪ ਜਿਲਦ ੩੦ ੨੫ ਜੂਨ - ੧ ਜੁਲਾਈ ੨੦੨੦, ੧੨-੧੮ ਹਾੜ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 24 Volume 30, 25 June - 1 July 2020
Yearly Subscription India 250/-, Abroad 2500/- and Life Membership India 2500/-, Abroad 25000/-

ਮੀਰੀ-ਪੀਰੀ ਦਿਵਸ : 30 ਜੂਨ

## ਬੀਰ-ਰਸੀ ਜੀਵਨ ਕਿਉਂ?

❖ ਭਾਈ ਸਾਹਿਬ ਭਾਈ ਵੀਰ ਸਿੰਘ

ਸ਼ਾਂਤਿ ਸਰੋਵਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਵਿਤ੍ਰ ਸਰੀਰ ਤੇ ਇਹ ਕੈਹਰ ਲੰਘ ਗਿਆ। ਦੀਨ ਦੇ ਹਾਦੀ ਨੇ ਧਰਮ ਸ਼ਾਂਤੀ ਨਾਲ ਝੱਲ ਲਿਆ। ਉਹ ਪੂਰਨ ਪੁਰਖ ਸਨ। ਆਪਣੇ ਆਦਰਸ਼ ਦੇ ਆਪ ਨਿਬਾਹੂ ਸਨ। ਪਰ ਸਾਰੀ ਉਮਤ ਇਸ ਦਰਜੇ ਦੀ ਨਹੀਂ ਹੋ ਸਕਦੀ ਕਿ ਤਸੀਹੇ ਸਹੇ ਤੇ ਅਸੂਲ ਨਾਂ ਹਾਰੇ ਤੇ ਸੱਚ ਹੱਥੋਂ ਨਾ ਦੇਇ। ਸੋ ਛੇਵੇਂ ਸਤਿਗੁਰੂ ਜੀ ਨੇ ਸੱਚ ਦੇ ਬਦਲੇ ਜਾਨ ਦੇਣ ਦੀ ਜਾਚ ਸਿੱਖਾਂ ਨੂੰ ਸਿਖਾਈ। ਉਨ੍ਹਾਂ ਦਾ ਆਦਰਸ਼ ਸੀ ਸਿੱਖਾਂ ਨੂੰ 'ਮਰਣ-ਜਾਚ' ਸਿਖਾਉਣੀ। ਸਿੱਖ ਸ਼ਾਂਤਿ-ਰਸੀਆ ਫਿਰਕਾ ਸੀ। ਸਹਨਸ਼ੀਲ, ਦੁੱਖ ਸੁੱਖ ਝੱਲਣ ਵਾਲਾ, ਸੁਲਹ ਕੁਲ, ਪਰਉਪਕਾਰੀ, ਫਕੀਰ ਹੋ ਕੇ ਗ੍ਰਿਹਸਤ ਵਿਚ ਰਹਿਣਾ, ਗ੍ਰਿਹਸਤ ਵਿਖੇ ਰਹਿ ਕੇ ਸੁਆਰਥੀ ਦੀ ਥਾਂ ਪਰਉਪਕਾਰੀ ਹੋਣਾ, ਏਹ ਆਦਰਸ਼ ਇਨਸਾਨ ਨੂੰ ਸਿਖਾਏ ਗਏ ਸੇ ਤੇ ਉਹ ਸਿਖੇ ਹੋਏ ਸਿੱਖ ਸਦਾਉਂਦੇ ਸੇ। ਹੁਣ ਉਨ੍ਹਾਂ ਨੂੰ ਬੀਰ-ਰਸ ਸਿਖਾਇਆ ਗਿਆ ਕਿ ਉਹ 'ਸ਼ਾਂਤਿ-ਰਸ' ਦੀ ਰੱਖਿਆ ਕਰੇ। ਬੀਰ-ਰਸ ਕ੍ਰੋਧੀ ਹੋਣ, ਬਦਲੇ ਲੈਣ, ਕਤਲ, ਖੂਨ, ਗ਼ਾਰਤਗਰੀ ਦਾ ਨਾਮ ਨਹੀਂ ਹੈ, ਬੀਰ ਰਸ ਨਾਮ ਹੈ ਉਤਸ਼ਾਹ ਵਾਲੇ ਜੀਵਨ ਦਾ। ਨੇਕੀ ਲਈ, ਉਪਕਾਰ ਲਈ, ਪਰ ਦੇ ਭਲੇ ਲਈ ਉਤਸ਼ਾਹ ਤੇ ਉਭਾਰ ਵਿਚ ਆ ਜਾਣਾ। ਇਹ ਉਤਸ਼ਾਹ,



ਦਰਬਾਰ ਸਾਹਿਬ ਸਮੂਹ 'ਚ ਦਰਸ਼ਨੀ ਡਿਓੜ੍ਹੀ ਦੇ ਸਾਹਮਣੇ ਮੀਰੀ-ਪੀਰੀ ਦੀਆਂ ਸ਼ਕਤੀਆਂ ਨੂੰ ਸੰਕੇਤਕ ਕਰਦੇ ਦੋ ਨਿਸ਼ਾਨ ਸਾਹਿਬ। (ਫ਼ੋਟੋ : ਐਸ. ਪਾਲ ਅਤੇ ਧੀਰਜ ਪਾਲ)

ਦਾਨ ਦੀ ਸੂਰਤ ਪਕੜਦਾ ਹੈ, ਦਾਨੀ ਬੀਰ ਰਸੀਆ ਕਹੀਦਾ ਹੈ। ਦਾਨੀ ਕਦੇ ਦਇਆ ਦੇ ਕੰਮਾਂ ਨਾਲ ਕਾਮਯਾਬ ਹੋ ਜਾਂਦਾ ਹੈ, ਪਰ ਕਦੇ ਉਸ ਨੂੰ ਆਪਾ ਵਾਰਨ ਦੀ ਲੋੜ ਪੈਂਦੀ ਹੈ ਸੋ ਬੀਰ ਰਸੀਆ ਇਉਂ ਸੂਰਮ ਗਤੀ ਵਿਚ ਬੀ ਚਲਿਆ ਜਾਂਦਾ ਹੈ। ਇਹ ਆਦਰਸ਼ ਬੰਨ੍ਹ ਕੇ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੇ ਸਿੱਖਾਂ ਨੂੰ ਬੀਰ-ਰਸੀਏ ਬਨਾਉਣ ਦਾ ਉਦਮ ਭੀ ਗੱਦੀ ਬੈਠਦੇ ਹੀ ਅਰੰਭ ਕਰ ਦਿਤਾ।

### ਸ਼ਾਂਤਿ-ਰਸ ਨਾਲ ਬੀਰ ਰਸੀ ਤਿਆਰੀਆਂ

ਗੁਰੂ ਜੀ ਨੇ ਗੱਦੀ ਤੇ ਬੈਠ ਕੇ ਜੋ ਰਹੁ ਰੀਤੀ ਟੋਰੀ ਉਹੋ ਸੀ ਜੋ ਪਹਿਲੇ ਸਤਿਗੁਰਾਂ ਦੀ ਸੀ। ਤੜਕੇ ਆਸਾ ਦੀ ਵਾਰ ਦਾ ਭੋਗ, ਉਪਦੇਸ਼, ਹਰਿਮੰਦਰ ਵਿਚ ਲਗਾਤਾਰ ਕੀਰਤਨ। ਸ਼ਾਮਾਂ ਦੇ ਦੀਵਾਨ। ਪਰ ਨਾਲ ਬੀਰ ਰਸੀ ਸਾਮਾਨ ਬੀ ਕੱਠੇ ਕਰਨੇ ਸ਼ੁਰੂ ਕਰ ਦਿਤੇ: ਚੰਗਾ ਘੋੜਾ ਮਿਲੇ ਤਾਂ ਖਰੀਦ ਲੈਣਾ। ਸ਼ਸਤ੍ਰ ਸੋਹਣਾ ਮੁਲ ਲੈ ਲੈਣਾ। ਜੋਧਾ

ਅੰਦਰ


- ਮਹਾਰਾਜਾ ਰਣਜੀਤ ਸਿੰਘ 3
- ਸੰਤ ਬਿਮਲਾ ਸਿੰਘ : ਪਿਆਰਾਂ ਦਾ ਸਾਈਂ 5
- A Sovereign still remembered 7
- The Biography of a Sikh 8
- ਸੌ ਸਾਲ ਪਹਿਲਾਂ : ਬਾਬੇ ਦੀ ਬੇਰ 10
- ਸ਼ਬਦ ਵਿਆਖਿਆ 11
- ਰਿਪੋਰਟ : ਸੰਤ ਰਵਿਦਾਸ ਤੇ ਲੈਕਚਰ 12

ਸਿੱਖ ਪਾਸ ਆ ਕੇ ਰਹਿਣਾ ਚਾਹੇ ਤਾਂ ਰਖ ਲੈਣਾ ਤੇ ਬੀਰ ਰਸੀ ਜੀਵਨ ਸਿਖਾਉਣਾ। ਇਉਂ ਗੁਰੂ ਜੀ ਪਾਸ ਜੁਆਨ ਭਰਤੀ ਹੋਣ ਲਗ ਪਏ। ਸਿੱਖ ਨੌਜਵਾਨ ਜਿਨ੍ਹਾਂ ਨੂੰ ਪੰਜਵੇਂ ਸਤਿਗੁਰੂ ਦਾ ਸਾਕਾ ਦੁਖੀ ਕਰ ਰਿਹਾ ਸੀ, ਪਹਿਲੋਂ ਉਹ ਆ ਜੁੜੇ। ਉਨ੍ਹਾਂ ਨੂੰ ਫੌਜੀ ਜੀਵਨ ਤੇ ਕਵਾਇਦਾਂ ਸਿਖਾਣ ਦੇ ਪ੍ਰਬੰਧ ਹੋ ਗਏ। ਆਏ-ਗਏ ਪ੍ਰੇਮੀ ਸਿੱਖ ਇਹ ਸੁਣਕੇ ਕਿ ਸਾਡਾ ਗੁਰੂ ਨਵੀਂ ਜਿੰਦ ਦਿਲਾਂ ਵਿਚ ਫੂਕਣ ਲਗਾ ਹੈ, ਸ਼ਸਤ੍ਰ, ਘੋੜੇ, ਕਪੜੇ ਤੇ ਹੋਰ ਸਾਮਾਨ ਭੇਟਾ ਵਜੋਂ ਲਿਆ ਕੇ ਅਰਪਣ ਕਰਨ ਲਗ ਪਏ। ਅਕਾਲ ਬੁੰਗੇ ਦੇ ਅਗੇ ਮੈਦਾਨ ਵਿਚ ਜੋ ਦੀਵਾਨ ਸਜਦਾ ਉਥੇ ਸਾਰੇ ਜੁਆਨ ਸੂਰਮੇ ਆ ਸ਼ਾਮਲ ਹੁੰਦੇ। ਗੁਰਬਾਣੀ ਦਾ ਕੀਰਤਨ ਬੀ ਸੁਣਦੇ। ਢਾਢੀ ਵਾਰਾਂ ਬੀ ਲਾਉਂਦੇ ਜੋ ਬੀਰ ਰਸੀ ਉਤਸ਼ਾਹ ਦਿਲਾਂ ਵਿਚ ਭਰਦੇ। ਇਹਨਾਂ ਵਿਚ ਮੁੱਖ ਢਾਢੀ ਦਾ ਨਾਉਂ ਅਬਦੁਲਾ ਸੀ, ਜੈਸਾ ਕਿ ਲਿਖਿਆ ਹੈ:-

**ਸੁਨਿ ਅਬਿਦੁਲ ਢਾਢੀ ਚਲਿ ਆਯੋ। ਭਏ ਸੁਭਟ ਤਿਨ ਕੋ ਜਸੁ ਗਾਯੋ।**
**ਜਿਸਕੇ ਸੁਨਤਿ ਬੀਰ ਰਸ ਜਾਗੇ। ਕਾਇਰ ਸੇ ਪਿ ਲਰੇ ਨਹਿਂ ਭਾਗੇ॥੩੦॥**

(ਸੂ: ਪ੍ਰ: ਰਾ: ੪, ਅੰਸੂ ੪੪, ਸਫ਼ਾ ੨੩੧੨)

ਸਿੱਖਾਂ ਵਿਚੋਂ ਜੋ ਨਵੇਂ ਬੀਰ ਰਸ ਦੇ ਜੀਵਨ ਲਈ ਆਏ ਸੀ, ਉਹ ਤਾਂ ਅਗੇ ਹੀ ਉੱਚੇ ਜੀਵਨ ਤੋਂ ਵਾਕਫ ਤੇ ਗੁਰੂ ਘਰ ਦੇ ਪ੍ਰੇਮੀ ਸੀ, ਹੋਰ ਜੋ ਜੁਆਨ ਆਏ ਤੇ ਭਰਤੀ ਕੀਤੇ, ਉਹਨਾਂ ਨੂੰ ਧਾਰਮਕ ਜੀਵਨ, ਸਦਾਚਾਰੀ, ਆਦਰਸ਼ ਤੇ ਉਪਕਾਰ ਦੇ ਸਬਕ ਦਿਤੇ ਜਾਂਦੇ। ਉਹ ਬਾਣੀ ਪੜ੍ਹਦੇ ਸੁਣਦੇ ਤੇ ਸਤਿਗੁਰਾਂ ਦੇ ਇਤਿਹਾਸ ਤੋਂ ਜਾਣੂ ਹੋ ਕੇ ਸਦਾਚਾਰ ਵਿਚ ਉੱਚੇ ਹੋ ਜਾਂਦੇ।

## ਮੀਰੀ-ਪੀਰੀ

ਸ੍ਰੀ ਗੁਰੂ ਜੀ ਧਰਮ ਪ੍ਰਚਾਰ ਤੇ ਬੀਰ ਰਸੀ ਜੀਵਨ ਦੁਇ ਪਹਿਲੂ-ਬ-ਪਹਿਲੂ ਬਨਾ ਰਹੇ ਸਨ। ਅੰਮ੍ਰਿਤ ਵੇਲੇ ਤੇ ਦਿਨ ਚੜ੍ਹੇ ਧਰਮ ਪ੍ਰਚਾਰ ਹੁੰਦਾ। ਦਿਨ ਢਲੇ ਬੀਰ ਰਸੀ ਰੰਗ ਬਝਦੇ, ਯਥਾ:-

**ਕਰਹਿਂ ਅਖੇਰਬ੍ਰਿੱਤ ਕੀ ਲੀਲਾ। ਧਰਹਿਂ ਸ਼ਸਤ੍ਰ ਕਰਿ ਅੰਗ ਛਬੀਲਾ।**
**ਆਇ ਅਕਾਲ ਤਖਤਿ ਪਰ ਸੋਹੈਂ। ਲਗਹਿ ਦਿਵਾਨ ਪਿਖਿਹਂ ਮਨ ਮੋਹੈਂ॥੧੨॥**
**ਸੁੰਦਰ ਚੌਂਕੀ ਸਬਦ ਸੁਨੰਤੇ। ਸੰਗਤਿ ਆਇ ਰੂਪ ਦਰਸੰਤੇ।**
**ਬਹੁਰ ਜਾਇ ਨਿਜ ਮਹਿਲ ਮਝਾਰਾ। ਅਨਿਕ ਸ੍ਵਾਦ ਕੇ ਅਚਹਿਂ ਅਹਾਰਾ॥੧੩॥**
**ਜਾਮ ਗਏ ਜਾਮਨਿ ਸੁਪਤਾਵੈਂ। ਰਹੇ ਜਾਮ ਉਠਿ ਸੋਚਿ ਨਹਾਵੈਂ।**
**ਇਮਿ ਬਿਧਿ ਕਰਿ ਹੈਂ ਨਿਤ ਬਿਵਹਾਰੂ। ਦਿਨ ਪ੍ਰਤਿ ਬਲੀ ਹੋਤਿ ਦੁਤਿ ਚਾਰੂ॥੧੪॥**

(ਸੂ. ਪ੍ਰ. ਰਾ: ੪, ਅੰਸੂ ੪੪, ਸਫ਼ਾ ੨੪੧੧)

ਇਸ ਪ੍ਰਕਾਰ ਪ੍ਰਚਾਰ ਹੁੰਦਾ ਗਿਆ। ਘੋੜੇ ਸ਼ਸਤ੍ਰ ਆਦਿਕ ਕੁਛ ਬਾਹਰੋਂ ਸੰਗਤਾਂ ਵਲੋਂ ਆਉਣ ਲਗ ਪਏ ਕੁਛ ਖਰੀਦੇ ਜਾਣ ਲਗ ਪਏ। ਜੋਧੇ ਕੋਈ ਕੋਈ ਸਿਖ ਆ ਗਏ। ਕੋਈ ਨੌਕਰ ਰਖੇ। ਇਕ ਵੇਰ ਕਈ ਸੌ ਇਕਠੇ ਆ ਗਏ। ਫੇਰ ਇਕ ਵੇਰ ਮਾਝੇ ਮਾਲਵੇ ਵਿਚੋਂ ਵੀਹ ਪਚੀ ਦੀ ਉਮਰਾ ਦੇ ਗਭਰੂ ਤ੍ਰੈ ਚਾਰ ਸੌ ਆ ਗਏ। ਸਾਰੇ ਰਖ ਲਏ। ਕਵੀ ਜੀ ਲਿਖਦੇ ਹਨ :-

**ਜਿਨਕੋ ਤੁਰਕ ਗਵਾਰ ਕਹੰਤੇ। ਨਹਿਨ ਚਾਕਰੀ ਹੇਤੁ ਰਖੰਤੇ।**
**ਸਭਿ ਸਤਿਗੁਰੁ ਸੋ ਰਾਖਨਿ ਕਰੇ। ਬਸਤ੍ਰ ਸ਼ਸਤ੍ਰ ਦੇ ਸੁਭਤਾ ਧਰੇ॥੨੫॥**

(ਸੂ: ਪ੍ਰ: ਰਾ: ੪, ਅੰਸੂ ੪੪, ਸਫ਼ਾ ੨੪੧੨)

ਫੇਰ ਇਨ੍ਹਾਂ ਲਈ ਘੋੜਿਆਂ ਦੇ ਪ੍ਰਬੰਧ ਹੋਏ। ਜੰਗੀ ਵਿਦਜਾ ਲਈ ਇਕ ਕਵਾਯਦ ਬਣਾਈ ਜੋ ਦੇਣ ਲਈ ਪਹਿਲੋਂ ਸਿਖਾਏ ਹੋਏ ਜੁਆਨ ਥਾਪੇ। ਇਨ੍ਹਾਂ ਵਿਚ ਬੀਰ ਰਸ ਤੇ ਦੇਸ਼ ਭਗਤੀ ਦਾ ਮਾਦਾ ਪੈਦਾ ਕਰਨ ਲਈ ਲਿਖਿਆ ਹੈ 'ਅਬਦੁਲ' ਨੂੰ ਰਖਿਆ। ਇਸਦਾ ਪੂਰਾ ਨਾਉਂ ਸੀ 'ਅਬਦੁਲ ਨਥਾ'। ਇਹ ਬੀਰ ਰਸੀ ਕਵਿਤਾ ਦਾ ਲਾਇਕ ਕਵੀ ਤੇ ਵਾਰਾਂ ਗਾਇਨ ਦਾ ਪ੍ਰਬੀਨ ਢਾਢੀ ਸੀ। ਜਿਸਦੇ ਗਾਇਨ ਨਾਲ ਬੀਰ ਰਸ ਠਾਠਾਂ ਮਾਰ ਉਠਦਾ ਸੀ। ਹੁਣ ਸੈਨਾ ਕੋਈ ਪੰਜ ਛੇ ਸੌ ਦੇ ਲਗਪਗ ਹੋ ਗਈ ਜੋ ਬੀਰ ਰਸ ਵਿਚ ਡੁਲ ਡੁਲ ਪੈਂਦੀ ਸੀ। ਗੁਰੂ ਜੀ ਨੂੰ ਜੋਧੇ ਕਈ ਵੇਰ ਆਖਦੇ:-

**ਤੁਮਰੇ ਹੁਕਮ ਚੋਜ ਦਿਖਰਾਵੈਂ।**
**ਅਰਪਜੋ ਰਾਵਰ ਕੇ ਪਗ ਸੀਸ। ਤੁਮਹਿ ਪ੍ਰਵਾਹ ਨ ਹੇ ਜਗਦੀਸ॥੧੧॥**
**ਦੁਹਿ ਲੋਕਨਿ ਕੀ ਚਹਿ ਕਲੱਜਾਨ। ਪਰੇ ਸ਼ਰਨਿ ਰਾਵਰ ਕੀ ਆਨਿ।**
**ਇਸ ਬਿਧਿ ਬਹੁਤ ਬੀਰ ਰਸ ਵਧੇ। ਆਯੁਧ ਬਿੱਦਜਾ ਕੋ ਨਿਤ ਸਧੇ॥੧੨॥**
**ਜੋਧਾ ਬ੍ਰਿੰਦ ਬਿਲੰਦ ਅਨੰਦਤਿ। ਗੁਰ ਸੁਖਕੰਦ ਬੰਦਿ ਕਰ ਬੰਦਤਿ॥**
**ਸਰਬ ਦਰਬ ਲੇ ਸਦਨ ਪੁਚਾਵੈਂ। ਭੋਜਨ ਦੇਗ ਬਿਖੇ ਨਿਤ ਖਾਵੈਂ॥੧੩॥**
**ਸ਼ਸਤ੍ਰ ਬਸਤ੍ਰ ਬਖਸਹਿਂ ਭਟ ਗਨ ਕੋ। ਜੋ ਅਭਿਲਾਖਤਿ ਮਨ ਮਹਿਂ ਰਨ ਕੋ।**
**ਇਮ ਨਿਤਪ੍ਰਤਿ ਅਤਿ ਚਿਤ ਉਤਸਾਹਿਤ। ਚਮੂੰ ਸਹਤ ਗੁਰ ਕਾਨਨ ਗਾਹਿਤ॥੧੪॥**

(ਸੂ. ਪ੍ਰ. ਰਾ: ੪, ਅੰਸੂ ੪੫, ਸਫ਼ਾ ੨੪੧੫)

ਆਪ ਦਾ ਸਰੀਰ ਅਤਿ ਸੁੰਦਰ ਸੀ ਤੇ ਡੀਲ ਲੰਮੀ ਹੋ ਗਈ। ਕਿਸੇ ਫ਼ਾਰਸੀ ਲੇਖਕ ਨੇ ਲਿਖਿਆ ਹੈ ਕਿ ਆਮ ਲੋਕਾਂ ਵਿਚੋਂ ਲੰਮੇ ਸਰੀਰਾਂ ਦੇ ਸਿਰ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਮੋਢਿਆਂ ਤਕ ਮਸਾਂ ਅਪੜਦੇ ਸਨ। ਇਸ ਪ੍ਰਕਾਰ ਦਿਨ ਪ੍ਰਤਿ ਦਿਨ ਆਪ ਦਾ ਭੌਤਕ ਸਰੀਰ ਵੱਡਾ ਹੁੰਦਾ ਗਿਆ। ਬੀਰ ਰਸੀ ਸਾਮਾਨ ਵਧਦੇ ਗਏ, ਪਰ ਪਰਮਾਰਥਿਕ ਫਰਜ਼ ਗੁਰਬਾਣੀ ਵਾਲੇ ਰਤਾ ਨਹੀਂ ਘਟੇ, ਨਾ ਉਨ੍ਹਾਂ ਵਲੋਂ ਰੁਚੀ ਘਟੀ। ਜਗਤ ਨੂੰ ਤਾਰਦੇ ਆਪ ਨਾਮ ਪ੍ਰੇਮ ਤੇ ਬਾਣੀ ਪ੍ਰੇਮ ਦੀ ਅਵਧੀ ਹੋਏ ਰਹੇ। ਬਾਣੀ ਪੜ੍ਹਨ ਵਿਚਾਰਣ ਦਾ ਸ਼ੌਕ ਬਹੁਤ ਸੀ। ਆਦਿ ਪਾਤਸ਼ਾਹੀ ਦਾ ਮਾਰੂ ਸੋਹਲੇ ਦਾ ਇਹ ਸ਼ਬਦ ਬੜੇ ਰੰਗਾਂ ਨਾਲ ਪੜ੍ਹਿਆ ਕਰਦੇ ਸਨ।

**ਮਾਰੂ ਮਹਲਾ ੧॥**
**ਆਪੇ ਕਰਤਾ ਪੁਰਖੁ ਬਿਧਾਤਾ॥ ਜਿਨਿ ਆਪੇ ਆਪਿ ਉਪਾਇ ਪਛਾਤਾ॥**
**ਆਪੇ ਸਤਿਗੁਰੁ ਆਪੇ ਸੇਵਕੁ ਆਪੇ ਸ੍ਰਿਸਟਿ ਉਪਾਈ ਹੇ॥੧॥**
**ਆਪੇ ਨੇੜੈ ਨਾਹੀ ਦੂਰੇ॥ ਬੂਝਹਿ ਗੁਰਮੁਖਿ ਸੇ ਜਨ ਪੂਰੇ॥**
**ਤਿਨ ਕੀ ਸੰਗਤਿ ਅਹਿਨਿਸਿ ਲਾਹਾ ਗੁਰ ਸੰਗਤਿ ਏਹ ਵਡਾਈ ਹੇ॥੨॥**
**ਜੁਗਿ ਜੁਗਿ ਸੰਤ ਭਲੇ ਪ੍ਰਭ ਤੇਰੇ॥ ਹਰਿ ਗੁਣ ਗਾਵਹਿ ਰਸਨ ਰਸੇਰੇ॥**
**ਉਸਤਤਿ ਕਰਹਿ ਪਰਹਰਿ ਦੁਖੁ ਦਾਲਦੁ ਜਿਨ ਨਾਹੀ ਚਿੰਤ ਪਰਾਈ ਹੇ॥੩॥**
**ਓਇ ਜਾਗਤ ਰਹਹਿ ਨ ਸੂਤੇ ਦੀਸਹਿ॥ ਸੰਗਤਿ ਕੁਲ ਤਾਰੇ ਸਾਚੁ ਪਰੀਸਹਿ॥**
**ਕਲਿਮਲ ਮੈਲੁ ਨਾਹੀ ਤੇ ਨਿਰਮਲ ਓਇ ਰਹਹਿ ਭਗਤਿ ਲਿਵ ਲਾਈ ਹੇ॥੪॥**
**ਬੂਝਹੁ ਹਰਿ ਜਨ ਸਤਿਗੁਰ ਬਾਣੀ॥ ਏਹੁ ਜੋਬਨੁ ਸਾਸੁ ਹੈ ਦੇਹ ਪੁਰਾਣੀ॥**
**ਆਜੁ ਕਾਲਿ ਮਰਿ ਜਾਈਐ ਪ੍ਰਾਣੀ ਹਰਿ ਜਪੁ ਜਪਿ ਰਿਦੈ ਧਿਆਈ ਹੇ॥੫॥**
**ਛੋਡਹੁ ਪ੍ਰਾਣੀ ਕੂੜ ਕਬਾੜਾ॥ ਕੂੜੁ ਮਾਰੇ ਕਾਲੁ ਉਛਾਹਾੜਾ॥**
**ਸਾਕਤ ਕੂੜਿ ਪਚਹਿ ਮਨਿ ਹਉਮੈ ਦੁਹੁ ਮਾਰਗਿ ਪਚੈ ਪਚਾਈ ਹੇ॥੬॥**
**ਛੋਡਿਹੁ ਨਿੰਦਾ ਤਾਤਿ ਪਰਾਈ॥ ਪੜਿ ਪੜਿ ਦਝਹਿ ਸਾਤਿ ਨ ਆਈ॥**
**ਮਿਲਿ ਸਤਸੰਗਤਿ ਨਾਮੁ ਸਲਾਹਹੁ ਆਤਮਰਾਮੁ ਸਖਾਈ ਹੇ॥੭॥**

(ਮਾਰੂ ਸੋਲਹੇ ਮਹਲਾ ੧, ਅੰਗ ੧੦੨੫-੨੬)

**-ਅਸ਼ਟ ਗੁਰ ਚਮਤਕਾਰ, ਭਾਗ-੩**

✧ ✧ ✧ ✧ ✧

# ਇਕ ਵਿਲੱਖਣ ਇਤਿਹਾਸਿਕ ਸ਼ਖ਼ਸੀਅਤ
# ਮਹਾਰਾਜਾ ਰਣਜੀਤ ਸਿੰਘ

❖ ਡਾ. ਹਰਬੰਸ ਸਿੰਘ ਚਾਵਲਾ

ਮਹਾਰਾਜਾ ਰਣਜੀਤ ਸਿੰਘ 19ਵੀਂ ਸਦੀ ਦੇ ਪਹਿਲੇ ਅੱਧ ਵਿਚ ਕੇਵਲ ਪੰਜਾਬ ਦੀ ਹੀ ਨਹੀਂ ਸਗੋਂ ਪੂਰੇ ਏਸ਼ੀਆ ਦੀ ਇਕ ਵਿਲੱਖਣ ਇਤਿਹਾਸਿਕ ਸ਼ਖ਼ਸੀਅਤ ਸੀ, ਜਿਸ ਨੇ ਆਪਣੀ ਯੋਗਤਾ ਅਤੇ ਬਾਹੂਬਲ ਨਾਲ ਪੰਜਾਬ ਵਿਚ ਇਕ ਵਿਸ਼ਾਲ ਅਤੇ ਸ਼ਕਤੀਸ਼ਾਲੀ ਰਾਜ ਦੀ ਸਥਾਪਨਾ ਕੀਤੀ। ਇਸ ਰਾਜ ਦੀਆਂ ਸੀਮਾਵਾਂ ਪੂਰਬ ਵਿਚ ਦਰਿਆ ਸਤਲੁਜ ਤੋਂ ਲੈ ਕੇ ਉੱਤਰ ਪੱਛਮ ਵਿਚ ਦੱਰਾ ਖ਼ੈਬਰ ਤਕ ਅਤੇ ਤਿੱਬਤ ਵਿਚ ਲਦਾਖ ਅਤੇ ਅਸਕਰਦੂ ਤੋਂ ਲੈ ਕੇ ਦੱਖਣ ਪੱਛਮ ਵਿਚ ਸ਼ਿਕਾਰਪੁਰ (ਸਿੰਧ) ਤਕ ਫੈਲੀਆਂ ਹੋਈਆਂ ਸਨ। ਉਸ ਦੇ ਰਾਜ ਦਾ ਖੇਤਰਫਲ ਇਕ ਲੱਖ ਚਾਲੀ ਹਜ਼ਾਰ ਵਰਗ ਮੀਲ ਸੀ ਅਤੇ ਉਸ ਦੇ ਰਾਜ ਦੀ ਸਾਲਾਨਾ ਆਮਦਨੀ ਤਿੰਨ ਕਰੋੜ ਰੁਪਏ ਤੋਂ ਉਪਰ ਸੀ। 1831 ਵਿਚ ਜਦੋਂ ਫਰਾਂਸੀਸੀ ਯਾਤਰੀ ਜੈਕਮੋਂ ਨੇ ਲਾਹੌਰ ਦੀ ਯਾਤਰਾ ਕੀਤੀ ਤਾਂ ਉਹ ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦੇ ਦਰਬਾਰੀਆਂ ਨੂੰ ਵੀ ਮਿਲਿਆ ਸੀ। ਉਹ ਆਪਣੇ ਸਫ਼ਰਨਾਮੇ ਵਿਚ ਰਣਜੀਤ ਸਿੰਘ ਦੇ ਰਾਜ ਦੀ ਬੜੀ ਉਪਮਾ ਕਰਦਾ ਸੀ। ਰਣਜੀਤ ਸਿੰਘ ਦਾ ਰਾਜ ਚਾਰ ਵੱਡੇ ਪ੍ਰਾਂਤਾਂ ਵਿਚ ਵੰਡਿਆ ਹੋਇਆ ਸੀ - ਸੂਬਾ ਲਾਹੌਰ, ਸੂਬਾ ਮੁਲਤਾਨ, ਸੂਬਾ ਕਸ਼ਮੀਰ ਅਤੇ ਸੂਬਾ ਪਿਸ਼ਾਵਰ। ਉਸ ਦੇ ਰਾਜ ਦੀ ਰਾਜਧਾਨੀ ਲਾਹੌਰ ਸੀ, ਜਿਸ ਨੂੰ ਮਹਾਰਾਜਾ ਰਣਜੀਤ ਸਿੰਘ ਨੇ 7 ਜੁਲਾਈ, 1799 ਵਿਚ ਜਿੱਤ ਕੇ ਖਾਲਸਾ ਰਾਜ ਦੀ ਸਥਾਪਨਾ ਕੀਤੀ ਸੀ। 12 ਅਪ੍ਰੈਲ, 1801 ਵਿਚ ਮਹਾਰਾਜਗੀ ਦਾ ਪਦ ਧਾਰਨ ਕਰਨ ਮਗਰੋਂ ਉਸ ਨੇ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ ਨਾਮ ਵਿਚ ਨਾਨਕਸ਼ਾਹੀ ਸਿੱਕੇ ਜਾਰੀ ਕੀਤੇ। ਉਸ ਦੀ ਸਰਕਾਰੀ ਮੋਹਰ ਤੇ 'ਅਕਾਲ ਸਹਾਇ' ਉਕਰਿਆ ਹੁੰਦਾ ਸੀ।

ਮਹਾਰਾਜਾ ਰਣਜੀਤ ਸਿੰਘ ਦਾ ਜਨਮ 2 ਨਵੰਬਰ, 1780 ਨੂੰ ਸ਼ੁਕਰਚਕੀਆ ਮਿਸਲ ਦੇ ਸਰਦਾਰ, ਸ. ਮਹਾਂ ਸਿੰਘ ਦੇ ਘਰ ਗੁਜਰਾਂਵਾਲਾ (ਪਾਕਿਸਤਾਨ) ਵਿਚ ਹੋਇਆ। ਉਹ 18ਵੀਂ ਸਦੀ ਦੇ ਮਹਾਨ ਯੋਧਾ ਸ. ਚੜ੍ਹਤ ਸਿੰਘ ਦਾ ਪੋਤਰਾ ਸੀ ਜਿਸ ਨੇ ਅਹਿਮਦ ਸ਼ਾਹ ਅਬਦਾਲੀ ਦੀਆਂ ਫ਼ੌਜਾਂ ਨਾਲ ਕਈ ਵਾਰ ਲੋਹਾ ਲਿਆ ਸੀ। ਜਦੋਂ 1798 ਵਿਚ ਰਣਜੀਤ ਸਿੰਘ ਨੇ ਲਾਹੌਰ ਤੇ ਹੱਲਾ ਬੋਲਿਆ ਤਾਂ ਉਸ ਨੇ ਅਹਿਮਦ ਸ਼ਾਹ ਅਬਦਾਲੀ ਦੇ ਪੋਤਰੇ ਸ਼ਾਹਜ਼ਮਾਨ ਨੂੰ ਵੰਗਾਰ ਕੇ ਕਿਹਾ ਸੀ, "ਕਿਲ੍ਹੇ 'ਚੋਂ ਬਾਹਰ ਆ, ਤੇਰੇ ਨਾਲ ਚੜ੍ਹਤ ਸਿੰਘ ਦਾ ਪੋਤਰਾ ਦੋ-ਦੋ ਹੱਥ ਕਰਨੇ ਚਾਹੁੰਦਾ ਹੈ।" ਲਾਹੌਰ ਦੀ ਜਿੱਤ ਵਿਚ ਰਣਜੀਤ ਸਿੰਘ ਦੀ ਸੱਸ, ਰਾਣੀ ਸਦਾ ਕੌਰ ਦਾ ਵੀ ਬਹੁਤ ਵੱਡਾ ਯੋਗਦਾਨ ਸੀ। ਉਸ ਨੇ ਮੁੱਢਲੇ ਵਰ੍ਹਿਆਂ ਵਿਚ ਰਣਜੀਤ ਸਿੰਘ ਦੀ ਬੜੀ ਮਦਦ ਕੀਤੀ ਸੀ। ਲਾਹੌਰ ਦੀ ਜਿੱਤ ਨਾਲ ਸ਼ੁਰੂ ਹੋਇਆ ਇਹ ਸਿਲਸਿਲਾ 1837 ਵਿਚ ਜਮਰੌਦ ਦੀ ਜਿੱਤ ਤੱਕ ਜਾਰੀ ਰਿਹਾ। ਮਹਾਰਾਜੇ ਦੇ ਰਾਜ ਦਾ ਵਿਸਥਾਰ ਕੁਲ ਇਸ ਤਰ੍ਹਾਂ ਹੋਇਆ — ਅੰਮ੍ਰਿਤਸਰ (1802), ਕਸੂਰ (1807), ਪੱਟੀ (1811), ਅਟਕ (1813), ਮੁਲਤਾਨ (1818), ਕਸ਼ਮੀਰ (1819), ਪਿਸ਼ਾਵਰ (1834) ਅਤੇ ਉੱਤਰ ਪੱਛਮੀ ਸੀਮਾਵਾਂ (ਸਿੰਧ ਪਾਰ) ਦੇ ਇਲਾਕਿਆਂ ਨੂੰ (1837) ਵਿਚ ਜਿੱਤ ਕੇ ਮਹਾਰਾਜਾ ਆਪਣੇ ਰਾਜ ਦੀਆਂ ਸੀਮਾਵਾਂ ਨੂੰ ਖਿੱਚ ਕੇ ਦੱਰਾ ਖ਼ੈਬਰ ਤੱਕ ਲੈ ਗਿਆ ਸੀ। ਅਲੈਗਜ਼ੈਂਡਰ ਬਰਨਜ਼ ਅਨੁਸਾਰ ਉਸ ਵਿਚ ਕਾਬਲ ਜਿੱਤ ਲੈਣ ਦੀ ਵੀ ਸਮਰੱਥਾ ਸੀ, ਪਰ ਸੈਨਿਕ ਦ੍ਰਿਸ਼ਟੀ ਤੋਂ ਸ਼ਾਇਦ ਇਹ ਗੱਲ ਬਹੁਤੀ ਲਾਹੇਵੰਦ ਸਾਬਤ ਨਾ ਹੁੰਦੀ। ਉਸ ਦੇ ਰਾਜ ਦੀ ਉਪਮਾ ਕਰਦਾ ਕਵੀ ਸ਼ਾਹ ਮੁਹੰਮਦ ਆਪਣੇ **ਜੰਗਨਾਮਾ** ਵਿਚ ਲਿਖਦਾ ਹੈ :

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ, ਕਸ਼ਮੀਰ, ਪਿਸ਼ੌਰ, ਚੰਬਾ,
ਜੰਮੂ ਕਾਂਗੜਾ ਕੋਟ ਨਿਵਾਇ ਗਿਆ।
ਤਿੱਬਤ ਦੇਸ਼ ਲਦਾਖ਼ ਤੇ ਚੀਨ ਤੋੜੀ,
ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਨ ਪਚਾਸ ਬਰਸਾਂ,
ਅੱਛਾ ਰੱਜ ਕੇ ਰਾਜ ਕਮਾਇ ਗਿਆ।

ਸਰਕਾਰੀ ਤੌਰ ਤੇ ਦੇਸ਼ ਦੀ ਰਾਜਧਾਨੀ ਲਾਹੌਰ ਸੀ ਪਰ ਧਾਰਮਿਕ ਅਤੇ ਆਰਥਿਕ ਦ੍ਰਿਸ਼ਟੀ ਤੋਂ ਅੰਮ੍ਰਿਤਸਰ ਨੂੰ ਰਣਜੀਤ ਸਿੰਘ ਦੇ ਰਾਜ ਦੀ ਦੂਜੀ ਰਾਜਧਾਨੀ ਵਜੋਂ ਜਾਣਿਆ ਜਾਂਦਾ ਸੀ। ਇਹ ਸਿੱਖਾਂ ਦਾ ਪ੍ਰਸਿੱਧ ਧਾਰਮਿਕ ਕੇਂਦਰ ਸੀ ਜਿਸ ਦੀ ਨੀਂਹ ਗੁਰੂ ਰਾਮਦਾਸ ਜੀ ਨੇ ਰੱਖੀ ਸੀ। ਬੈਰਨ ਹਿਯੂਗਲ ਜਿਸ ਨੇ 1835-36 ਵਿਚ ਪੰਜਾਬ ਦੀ ਯਾਤਰਾ ਕੀਤੀ ਸੀ, ਉਹ ਅੰਮ੍ਰਿਤਸਰ ਬਾਰੇ ਲਿਖਦਾ ਹੈ ਕਿ ...ਇਥੇ ਆ ਕੇ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਸਾਰੇ ਪੰਜਾਬ ਦੀ ਦੌਲਤ ਤੇ ਧਨ ਇੱਥੇ ਹੀ ਆ ਕੇ ਇਕੱਠਾ ਹੋ ਗਿਆ ਹੋਵੇ। ਵੱਡੇ-ਵੱਡੇ ਵਿਉਪਾਰੀਆਂ ਅਤੇ ਉਦਯੋਗਪਤੀਆਂ ਨੇ ਇੱਥੇ ਆਪਣੇ ਘਰ ਅਤੇ ਵਿਉਪਾਰ-ਕੇਂਦਰ ਸਥਾਪਿਤ ਕਰ ਲਏ ਸਨ। ਇੱਥੋਂ ਦੇ ਬਾਜ਼ਾਰਾਂ ਵਿਚ ਹਿੰਦੁਸਤਾਨ ਅਤੇ ਵਿਦੇਸ਼ਾਂ ਦੀਆ ਚੀਜ਼ਾਂ ਚੰਗੇ ਮੁੱਲ ਤੇ ਵਿਕਦੀਆਂ ਅਤੇ ਖ਼ਰੀਦੀਆਂ ਜਾਂਦੀਆਂ ਸਨ। ਗਲੀਆਂ ਅਤੇ ਬਾਜ਼ਾਰਾਂ ਵਿਚ ਹਰ ਵੇਲੇ ਲੋਕਾਂ ਦੀ ਭੀੜ ਅਤੇ ਰੌਣਕ ਵੇਖੀ ਜਾ ਸਕਦੀ ਹੈ। ਸ਼ਹਿਰ ਦੀ ਹਿਫ਼ਾਜ਼ਤ ਲਈ ਚਹੁੰਆਂ ਪਾਸੇ ਇਕ ਉੱਚੀ ਦੀਵਾਰ ਸੀ। ਨਗਰ ਵਿਚ ਪ੍ਰਵੇਸ਼ ਕਰਨ ਲਈ ਇਸ ਫ਼ਸੀਲ੍ਹ ਵਿਚ ਥਾਂ ਥਾਂ ਤੇ ਦਰਵਾਜ਼ੇ ਰੱਖੇ ਗਏ ਸਨ। ਮਹਾਰਾਜੇ ਦਾ ਖ਼ਜ਼ਾਨਾ ਅਤੇ ਅਸਲਾ (ਫ਼ੌਜੀ ਸਾਮਾਨ) ਕਿਲ੍ਹਾ ਗੋਬਿੰਦਗੜ੍ਹ ਵਿਚ ਸੀ। ਮਹਾਰਾਜੇ ਦੇ ਆਪਣੇ ਮਹਿਲ ਅਤੇ ਬਾਰਾਂਦਰੀਆਂ ਰਾਮ ਬਾਗ਼ (ਅੰਮ੍ਰਿਤਸਰ) ਵਿਚ ਸਨ ਜਿੱਥੇ ਉਹ ਬਾਹਰੋਂ ਆਏ ਸੈਲਾਨੀਆਂ ਅਤੇ ਰਾਜਸੀ ਮਹਿਮਾਨਾਂ ਨੂੰ ਮਿਲਦਾ ਸੀ। ਇਸ ਬਾਗ਼ ਦਾ ਨਾਮ ਰਣਜੀਤ ਸਿੰਘ ਨੇ ਗੁਰੂ ਰਾਮਦਾਸ ਜੀ ਦੇ ਨਾਮ ਤੇ ਰਾਮ ਬਾਗ਼ ਰੱਖਿਆ ਸੀ।

## ਧਰਮ ਨਿਰਪੇਖ

ਇਸ ਵਿਚ ਕੋਈ ਸ਼ੱਕ ਨਹੀਂ ਕਿ ਮਹਾਰਾਜਾ ਰਣਜੀਤ ਸਿੰਘ ਸਿੱਖ ਧਰਮ ਦਾ ਇਕ ਸ਼ਰਧਾਲੂ ਪੈਰੋਕਾਰ ਸੀ ਪਰ ਉਸ ਦੇ ਮਨ ਵਿਚ ਇਸਲਾਮ ਅਤੇ ਹਿੰਦੂ ਧਰਮ ਵਾਸਤੇ ਵੀ ਉਨੀ ਹੀ ਸ਼ਰਧਾ ਅਤੇ ਪਿਆਰ ਸੀ ਜਿੰਨਾ ਕਿ ਉਸ ਦਾ ਆਪਣੇ ਧਰਮ ਨਾਲ ਸੀ। ਪ੍ਰੋ. ਸੀਤਾ ਰਾਮ ਕੋਹਲੀ ਲਿਖਦਾ ਹੈ ਕਿ ਜੇ ਉਸ ਨੇ ਹਰਿਮੰਦਰ ਸਾਹਿਬ ਉਪਰ ਸੋਨੇ ਦੇ ਪਤਰੇ ਚੜ੍ਹਵਾਏ ਸਨ ਤਾਂ ਉਸ ਨੇ ਬਨਾਰਸ, ਜਵਾਲਾਮੁਖੀ ਅਤੇ ਹੋਰ ਮੰਦਰਾਂ ਲਈ ਵੀ ਦਿਲ ਖੋਲ੍ਹ ਕੇ ਦਾਨ ਦਿੱਤਾ ਸੀ। ਉਸ ਦਾ ਰਾਜ ਧਰਮ ਨਿਰਪੇਖ ਨੀਂਹਾਂ ਉੱਤੇ ਆਧਾਰਿਤ ਸੀ। ਕਿਸੇ ਵੀ ਜਾਤ, ਧਰਮ ਜਾਂ ਦੇਸ਼ ਦਾ ਬੰਦਾ ਆਪਣੇ ਗੁਣਾਂ ਅਤੇ ਯੋਗਤਾ ਸਦਕਾ ਉੱਚੇ ਤੋਂ ਉੱਚੇ ਅਹੁਦੇ ਤੇ ਪਹੁੰਚ ਸਕਦਾ ਸੀ। ਫ਼ਰਾਂਸੀਸੀ ਯਾਤਰੀ ਜੈਕਮੋਂ ਲਿਖਦਾ ਹੈ ਕਿ "ਰਣਜੀਤ ਸਿੰਘ ਦੇ ਰਾਜ ਵਿਚ ਮਜ਼੍ਹਬੀ ਤੁਅੱਸਬ ਬਿਲਕੁਲ ਅਲੋਪ ਹੋ ਚੁੱਕਾ ਹੈ। ਲੋਕਾਂ ਵਿਚ ਆਪਸੀ ਭਾਈਚਾਰਾ ਅਤੇ ਇੱਤਫ਼ਾਕ ਹੈ। ਲੋਕ ਆਪਣੇ ਮਹਾਰਾਜੇ ਦੀ ਬਡੀ ਇੱਜ਼ਤ ਅਤੇ ਸਤਿਕਾਰ ਕਰਦੇ ਹਨ। ਰਣਜੀਤ ਸਿੰਘ ਵੀ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਵਿਚ ਕੋਈ ਢਿੱਲ ਨਹੀਂ ਵਰਤਦਾ। ਨਿੱਤ ਦਾ ਕੰਮ ਉਹ ਉਸੇ ਦਿਨ ਹੀ ਮੁਕਾ ਕੇ ਉਠਦਾ ਹੈ, ਚਾਹੇ ਇਸ ਲਈ ਉਸ ਨੂੰ ਕਾਫ਼ੀ ਰਾਤ ਤਕ ਵੀ ਕਿਉਂ ਨਾ ਜਾਗਣਾ ਪਵੇ।" ਕਈ ਵਾਰ ਬਿਸਤਰੇ ਵਿਚ ਪਏ ਪਏ ਜਦੋਂ ਉਸ ਨੂੰ ਕੋਈ ਗੱਲ ਯਾਦ ਆ ਜਾਂਦੀ ਤਾਂ ਉਹ ਤੁਰੰਤ ਆਪਣੇ ਸੈਕਟਰੀ ਨੂੰ ਬੁਲਾ ਕੇ ਉਸ ਨੂੰ ਨੋਟ ਕਰਵਾ ਦੇਂਦਾ ਅਤੇ ਸਵੇਰੇ ਉਠ ਕੇ ਉਸ ਉਪਰ ਅਮਲ ਕਰਨ ਦੀ ਹਦਾਇਤ ਜਾਰੀ ਕਰ ਦੇਂਦਾ।

## ਰਾਜ ਦੀ ਸਥਿਰਤਾ ਅਤੇ ਸੁਚਾਰੂ ਰਾਜ-ਪ੍ਰਬੰਧ

ਸਮਕਾਲੀ ਇਤਿਹਾਸਕਾਰਾਂ ਨੇ ਉਸ ਦੇ ਰਾਜ ਦੀ ਸਥਿਰਤਾ ਅਤੇ ਸੁਚੱਜੇ ਰਾਜ-ਪ੍ਰਬੰਧ ਦੀ ਬੜੀ ਪ੍ਰਸੰਸਾ ਕੀਤੀ ਹੈ। ਉਨ੍ਹਾਂ ਅਨੁਸਾਰ ਪ੍ਰਸ਼ਾਸਕੀ ਢਾਂਚੇ ਨੂੰ ਗਤੀਸ਼ੀਲ ਅਤੇ ਸੁਚਾਰੂ ਰੱਖਣ ਲਈ ਯੋਗ ਵਿਅਕਤੀ ਰੱਖੇ ਜਾਂਦੇ ਸਨ। ਮਹਾਰਾਜੇ ਵਿਚ ਪ੍ਰਬੰਧਕੀ ਯੋਗਤਾ ਅਤੇ ਬਹਾਦਰੀ ਦੇ ਉੱਚੀ ਪੱਧਰ ਦੇ ਗੁਣ ਸਨ। ਉਹ ਪੰਜਾਬ ਦਾ ਬੇਹੱਦ ਸ਼ਕਤੀਸ਼ਾਲੀ ਅਤੇ ਉਦਾਰ ਚਿੱਤ ਮਹਾਰਾਜਾ ਸੀ। ਭਾਵੇਂ ਉਸ ਦੀਆਂ ਯੋਜਨਾਵਾਂ ਕਿੰਨੀਆ ਵੱਡੀਆਂ ਅਤੇ ਦੂਰ ਤਕ ਪੁੱਜਣ ਵਾਲੀਆਂ ਹੁੰਦੀਆਂ ਸਨ ਪਰ ਉਸ ਦੀ ਫ਼ੌਰੀ ਕਾਰਵਾਈ, ਅਮਲੀ ਤੱਥਾਂ ਅਨੁਸਾਰ ਹੀ ਹੁੰਦੀ ਸੀ। ਉਹ ਸਦਾ ਪਹਿਲੇ ਕਦਮ ਨੂੰ ਪੱਕੀ ਤਰ੍ਹਾਂ ਟਿਕਾ ਕੇ ਹੀ ਦੂਜਾ ਕਦਮ ਪੁੱਟਦਾ ਸੀ। ਉਹ ਕਦੇ ਕਿਸੇ ਦੁਸ਼ਮਣ ਨੂੰ ਉਤਨੀ ਦੇਰ ਤਕ ਨਹੀਂ ਵੰਗਾਰਦਾ ਜਦ ਤਕ ਕਿ ਉਸ ਨੂੰ ਇਹ ਨਿਸ਼ਚਾ ਨਹੀਂ ਸੀ ਹੋ ਜਾਂਦਾ ਕਿ ਅੰਤਿਮ ਸਿੱਟਾ ਉਸ ਦੇ ਹੱਕ ਵਿਚ ਹੀ ਨਿਕਲੇਗਾ। ਮਹਾਰਾਜਾ ਕੋਈ ਵੀ ਕਾਰਜ ਜਜ਼ਬਾਤ ਦੇ ਵਹਿਣ ਵਿਚ ਵਹਿ ਕੇ ਨਹੀਂ ਸੀ ਕਰਦਾ। ਉਹ ਕੇਵਲ ਉਹ ਹੀ ਯੋਜਨਾਵਾਂ ਬਣਾਉਂਦਾ ਸੀ ਜਿਨ੍ਹਾਂ ਨੂੰ ਉਹ ਅਮਲੀ ਰੂਪ ਦੇ ਸਕਦਾ ਸੀ।

ਉਹ ਹਰ ਮਸਲੇ ਨੂੰ ਬੜੀ ਛੇਤੀ ਸਮਝ ਜਾਂਦਾ ਸੀ ਤੇ ਉਸ ਬਾਰੇ ਗੰਭੀਰਤਾ ਨਾਲ ਵਿਚਾਰ ਕਰਨ ਮਗਰੋਂ ਹੀ ਕੋਈ ਕਦਮ ਚੁੱਕਦਾ ਸੀ। ਉਸ ਨੇ ਆਪਣੇ 40 ਸਾਲ ਦੇ ਰਾਜ-ਕਾਲ ਦੌਰਾਨ ਕਦੇ ਕਿਸੇ ਨੂੰ ਮੌਤ ਦੀ ਸਜ਼ਾ ਨਹੀਂ ਸੀ ਦਿੱਤੀ। ਹਾਰੇ ਹੋਏ ਦੁਸ਼ਮਣਾਂ ਅਤੇ ਬਾਗ਼ੀਆਂ ਨੂੰ ਮਾਫ਼ ਕਰ ਦੇਂਦਾ ਅਤੇ ਉਨ੍ਹਾਂ ਦੇ ਗੁਜ਼ਾਰੇ ਲਈ ਉਨ੍ਹਾਂ ਨੂੰ ਮੁਨਾਸਬ ਜਗੀਰਾਂ ਦੇ ਦੇਣੀਆਂ ਮਹਾਰਾਜੇ ਦੇ ਰਹਿਮ ਦਿਲ ਹੋਣ ਦੀਆਂ ਅਨੋਖੀਆਂ ਮਿਸਾਲਾਂ ਹਨ, ਜਿਨ੍ਹਾਂ ਵਰਗੀ ਦੂਜੀ ਮਿਸਾਲ ਇਤਿਹਾਸ ਦੇ ਪੰਨਿਆਂ ਵਿਚ ਕਿਤੇ ਹੋਰ ਨਹੀਂ ਮਿਲਦੀ। ਉਸ ਦੇ ਇਸ ਸੁਭਾਅ ਕਰਕੇ ਹੀ ਅਨੇਕਾਂ ਬਾਗ਼ੀ ਤੇ ਹਾਰੇ ਹੋਏ ਸਰਦਾਰ ਲਾਹੌਰ ਦਰਬਾਰ ਦੇ ਵਫ਼ਾਦਾਰ ਸਹਿਯੋਗੀ ਬਣ ਗਏ ਸਨ।

ਮਹਾਰਾਜਾ ਰਣਜੀਤ ਸਿੰਘ ਇਕ ਪੈਦਾਇਸ਼ੀ ਹਾਕਮ ਸੀ ਜਿਸ ਨੂੰ ਹਕੂਮਤ ਕਰਨ ਦੇ ਗੁਣ ਕੁਦਰਤ ਵੱਲੋਂ ਮਿਲੇ ਹੋਏ ਸਨ। ਉਸ ਦੀ ਯਾਦ-ਸ਼ਕਤੀ ਬੜੀ ਤੇਜ਼ ਸੀ। ਇਕ ਵਾਰੀ ਦੀ ਸੁਣੀ ਹੋਈ ਗੱਲ ਉਹ ਕਦੇ ਨਹੀਂ ਸੀ ਭੁੱਲਦਾ। ਹਰ ਸਰਕਾਰੀ ਕਾਗ਼ਜ਼ ਉਸ ਨੂੰ ਪੜ੍ਹ ਕੇ ਸੁਣਾਇਆ ਜਾਂਦਾ ਸੀ ਤੇ ਉਨ੍ਹਾਂ ਬਾਰੇ ਮਹਾਰਾਜੇ ਦੇ ਆਦੇਸ਼ ਪ੍ਰਾਪਤ ਕਰਕੇ ਉਨ੍ਹਾਂ ਤੇ ਕਾਰਵਾਈ ਕੀਤੀ ਜਾਂਦੀ ਸੀ। ਮਹਾਰਾਜੇ ਨੂੰ ਹਜ਼ਾਰਾਂ ਪਿੰਡਾਂ, ਦਰਬਾਰ ਦੇ ਕਰਮਚਾਰੀਆਂ, ਰਾਜ ਦੀ ਆਮਦਨ ਅਤੇ ਖ਼ਬਰ ਦੇ ਵੇਰਵੇ ਜ਼ਬਾਨੀ ਯਾਦ ਸਨ।

## ਵਿੱਦਿਆ-ਪ੍ਰੇਮੀ


ਬਚਪਨ ਵਿਚ ਹੀ ਪਿਤਾ ਦਾ ਦੇਹਾਂਤ ਹੋ ਜਾਣ ਕਾਰਨ ਬੇਸ਼ੱਕ ਕਿਸਮਤ ਨੇ ਉਸ ਨੂੰ ਵਿੱਦਿਆ ਤੋਂ ਵੰਚਿਤ ਕਰ ਦਿੱਤਾ ਸੀ ਪਰ ਉਸ ਨੇ ਆਪਣੀ ਤੀਖਣ ਬੁੱਧੀ, ਯਾਦ-ਸ਼ਕਤੀ ਅਤੇ ਅੰਤ੍ਰੀਵ ਗਿਆਨ ਰਾਹੀਂ ਇਸ ਘਾਟੇ ਨੂੰ ਪੂਰਾ ਕਰ ਲਿਆ ਸੀ। ਉਸ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਲੱਗਿਆਂ ਕਦੇ ਸ਼ਬਦਾਂ ਦੀ ਘਾਟ ਨਹੀਂ ਸੀ ਮਹਿਸੂਸ ਹੋਈ। ਉਸ ਨੇ ਵਿੱਦਿਆ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਵਿੱਦਿਅਕ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਵੱਡੀਆਂ-ਵੱਡੀਆਂ ਜਗੀਰਾਂ ਦੇ ਰੱਖੀਆਂ ਸਨ ਜਿਨ੍ਹਾਂ ਦੀ ਆਮਦਨੀ ਨਾਲ ਇਹ ਸੰਸਥਾਵਾਂ ਚੰਗਾ ਕੰਮ ਕਰ ਰਹੀਆਂ ਸਨ। ਉਸ ਨੇ ਰਾਜ ਦੇ ਕਈ ਕਰਮਚਾਰੀਆਂ ਅਤੇ ਸ਼ਹਿਜ਼ਾਦਿਆਂ ਨੂੰ ਵੀ ਅੰਗਰੇਜ਼ੀ ਅਤੇ ਫ਼ਰਾਂਸੀਸੀ ਭਾਸ਼ਾ ਪੜ੍ਹਨ ਲਈ ਪ੍ਰੇਰਿਆ ਅਤੇ ਉਤਸ਼ਾਹਿਤ ਕੀਤਾ ਸੀ। 1834 ਈਸਵੀ ਵਿਚ ਉਸ ਨੇ ਸਲਾਹ ਦਿੱਤੀ ਸੀ ਕਿ ਲਹਿਣਾ ਸਿੰਘ ਮਜੀਠੀਆ ਨੂੰ ਅੰਗਰੇਜ਼ੀ ਦੀ ਪੜ੍ਹਾਈ ਲਈ ਇੰਗਲੈਂਡ ਭੇਜਿਆ ਜਾਏ। ਉਸ ਨੇ ਆਪਣੇ ਪੁੱਤਰ ਸ਼ੇਰ ਸਿੰਘ ਨੂੰ ਵੀ ਅੰਗਰੇਜ਼ੀ ਪੜ੍ਹਾਉਣ ਦਾ ਪ੍ਰਬੰਧ ਕੀਤਾ ਸੀ ਤਾਂ ਕਿ ਭਵਿੱਖ ਵਿਚ ਅੰਗਰੇਜ਼ਾਂ ਨਾਲ ਕਿਸੇ ਵੀ ਤਰ੍ਹਾਂ ਦੀ ਵਾਰਤਾਲਾਪ ਸਮੇਂ ਕਿਸੇ ਵਿਚੋਲੇ ਦੀ ਲੋੜ ਨਾ ਰਹੇ। ਮਹਾਰਾਜੇ ਨੇ ਲੁਧਿਆਣਾ ਦੇ ਮਿਸ਼ਨ ਸਕੂਲ ਦੇ ਪ੍ਰਸਿੱਧ ਅਧਿਆਪਕ ਜੋਹਨ ਲੋਰੀ ਨੂੰ ਲਾਹੌਰ ਬੁਲਾ ਕੇ ਇੱਥੇ ਅੰਗਰੇਜ਼ੀ ਸਕੂਲ ਖੋਲ੍ਹਣ ਲਈ ਹਰ ਤਰ੍ਹਾਂ ਦੀ ਸਹੂਲਤ ਦੇਣ ਦੀ ਗੱਲ ਕੀਤੀ ਸੀ। ਪਰ ਲੋਰੀ ਵੱਲੋਂ ਸਕੂਲ ਵਿਚ ਬਾਈਬਲ ਲਾਜ਼ਮੀ ਪੜ੍ਹਾਏ ਜਾਣ ਤੇ ਜ਼ੋਰ ਦੇਣ ਕਾਰਨ ਲਾਹੌਰ ਵਿਚ ਅੰਗਰੇਜ਼ੀ ਸਕੂਲ ਸਥਾਪਤ ਕਰਨ ਦੀ ਗੱਲ ਸਿਰੇ ਨਹੀਂ ਸੀ ਚੜ੍ਹ ਸਕੀ।

ਪੰਜਾਬੀ, ਹਿੰਦੀ ਅਤੇ ਸੰਸਕ੍ਰਿਤ ਦੀ ਵਿੱਦਿਆ ਦੇਣ ਦਾ ਪ੍ਰਬੰਧ ਸੀ। ਲਾਹੌਰ ਵਿਚ ਸਥਾਪਿਤ ਫ਼ਕੀਰ ਅਜ਼ੀਜ਼-ਓ-ਦੀਨ ਅਤੇ ਵੱਡੇ ਮੀਆਂ ਦਾ ਮਦਰਸਾ, ਸਿਆਲਕੋਟ ਵਿਚ ਮੌਲਵੀ ਸ਼ੇਖ਼ ਅਹਿਮਦ ਅਤੇ ਗੁਜਰਾਂਵਾਲਾ ਵਿਚ ਮੀਆਂ ਫ਼ੈਜ਼ ਦਾ ਮਦਰਸਾ, ਅਰਬੀ, ਫ਼ਾਰਸੀ ਅਤੇ ਇਸਲਾਮੀ ਸਿੱਖਿਆ ਲਈ ਮਸ਼ਹੂਰ ਸਨ। ਗੁਰਮੁਖੀ ਸਿੱਖਿਆ ਲਈ ਅੰਮ੍ਰਿਤਸਰ ਵਿਚ ਭਾਈ ਜੂਨਾ ਗ੍ਰੰਥੀ, ਭਾਈ ਰਾਮ ਸਿੰਘ, ਭਾਈ ਲੱਖਣ ਸਿੰਘ, ਭਾਈ ਬੁੱਢਾ ਸਿੰਘ, ਭਾਈ ਖੜਕ ਸਿੰਘ ਧੂਪੀਆ ਅਤੇ ਬਾਵਾ ਅਮਰਦਾਸ ਉਦਾਸੀ ਦੁਆਰਾ ਚਲਾਏ ਜਾ ਰਹੇ ਸਕੂਲ ਬਹੁਤ ਚੰਗਾ ਕੰਮ ਕਰ ਰਹੇ ਸਨ। ਮਹਾਰਾਜੇ ਵੱਲੋਂ ਵਿੱਦਿਆ ਨੂੰ ਸਮਰਪਿਤ ਡੇਰੇ, ਬੁੰਗਿਆਂ ਅਤੇ ਮੁਸਲਿਮ ਫ਼ਕੀਰਾਂ ਦੇ ਤਕੀਆਂ ਨੂੰ ਅਤੇ ਗੁਰਮਤਿ, ਸੰਗੀਤ, ਪੁਰਾਣੇ ਗ੍ਰੰਥਾਂ ਦੀ ਸਿੱਖਿਆ ਦੇਣ ਵਾਲੇ ਕੇਂਦਰਾਂ ਅਤੇ ਹਿਕਮਤ ਦੀ ਸਿੱਖਿਆ ਦੇਣ

(ਬਾਕੀ ਪੰਨਾ 9 'ਤੇ)

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

# ਪਿਆਰਾਂ ਦਾ ਸਾਈਂ




ਬਹੁਤ ਪੁਰਾਤਨ ਸਮੇਂ ਵਿਚ ਸਾਡੇ ਵਡੇ ਚੰਦ, ਸੂਰਜ, ਬਿਜਲੀ, ਤਾਰੇ, ਕੁਦਰਤੀ ਨਜ਼ਾਰਿਆਂ ਤੋਂ ਸੁਤੇ ਹੀ ਵਿਸਮਾਦ ਵਿਚ ਜਾ ਕੇ ਆਪੇ ਵਿਚ ਜੁੜਦੇ ਤੇ ਆਪੇ ਦੇ ਰਸ-ਚਾਖੇ ਹੋ ਜਾਂਦੇ ਸੀ। ਫੇਰ ਸਮਾਂ ਪਾਕੇ ਅੰਤ੍ਰੀਵੀ ਯੋਗ ਦਾ ਮਾਰਗ ਟੁਰਿਆ ਸੀ ਕਿ ਜੋ ਇਨਸਾਨ ਨੂੰ ਆਪੇ ਵਿਚ ਟਿਕਾਵੇ ਤੇ ਆਪੇ ਨੂੰ ਅੰਦਰੋਂ ਹੀ ਕੁਦਰਤੀ ਉਮਾਹੂ 'ਆਪੇ ਦੇ ਰਸ' ਵਿਚ ਲੈ ਜਾਵੇ। ਇਹ ਤ੍ਰੀਕਾ ਪਹਿਲਾਂ ਆਪਣੇ ਮਨੋਰਥ ਵਲ ਰੁਖ ਰਖਦਾ ਸੀ, ਪਰ ਫੇਰ ਕਰਨ ਵਾਲਿਆਂ ਨੂੰ ਭਾਈਚਾਰੇ ਤੋਂ, ਇਨਸਾਨੀ ਸਮਾਗਮ ਤੋਂ, ਵੱਖਰੇ ਕਰਕੇ ਏਕਾਂਤ ਵਿਚ ਲੈ ਜਾਣ ਵਲ ਰੁਖ ਲੈ ਗਿਆ। ਉਸ ਤੋਂ ਪਿਛਲੇ ਸਮੇਂ ਵਿਚ ਇਸਦੇ ਨਾਮਾਂ ਹੇਠ ਲੋਕੀਂ ਨਾਟਕਾਂ ਚੇਟਕਾਂ ਵਿਚ ਪੈ ਗਏ ਤੇ ਫਲ ਓਹੋ ਪ੍ਰਯਤਨ ਹੀ ਪ੍ਰਯਤਨ-ਜੱਦੋ ਜਹਿਦ-ਹੀ ਰਹਿ ਗਿਆ। ਇਸੀ ਤਰ੍ਹਾਂ ਹੋਰ ਕਈ ਤਰੀਕੇ ਜਾਰੀ ਹੋਏ, ਪਰ ਉਨ੍ਹਾਂ ਦੇ ਕਰਨ ਵਾਲਿਆਂ ਨੇ ਅੰਤ ਭਾਈਚਾਰੇ ਤੋਂ ਵਿੱਥ ਕਰਕੇ ਏਕਾਂਤਾਂ ਹੀ ਧਾਰੀਆਂ, ਸਰਬ ਸਾਧਾਰਣ ਉਸ ਫਿਕਰ ਗ੍ਰਸੀ ਹਾਲਤ ਵਿਚ ਹੀ ਰਹੇ, ਸਗੋਂ ਚੰਗੇ ਆਦਮੀਆਂ ਦੇ ਵਿਚੋਂ ਨਿਕਲਕੇ ਏਕਾਂਤ ਵਾਸੀ ਹੋ ਜਾਣ ਕਰਕੇ ਜੋ ਲੋਕ ਪਿਛੇ ਰਹਿ ਗਏ ਉਨ੍ਹਾਂ ਦਾ ਹੋਰ ਗਿਰਾਉ ਹੋ ਗਿਆ ਤੇ ਗ਼ੁਲਾਮੀਆਂ ਤੱਕ ਨੌਬਤਾਂ ਪੁੱਜ ਗਈਆਂ। ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਜਗਤ ਵਿਚ ਆਏ ਤਾਂ ਉਨ੍ਹਾਂ ਨੇ ਇਉਂ ਜਗਤ ਨੂੰ ਦੁਖੀ ਡਿੱਠਾ:-

**ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।**

(ਭਾ. ਗੁ: ਵਾਰ ੧-੨੪)

ਇਹ ਤੱਕ ਕੇ ਪਹਿਲੀ ਵਡੀ ਗਲ ਜੋ ਗੁਰੂ ਬਾਬੇ ਨੇ ਕੀਤੀ, ਇਹ ਸੀ ਕਿ ਜਗਤ ਵਿਚ ਇਨਸਾਨ ਸ਼ਖਸੀ ਉੱਨਤੀ ਕਰਨ ਦੇ ਨਾਲ ਨਾਲ ਭਾਈਚਾਰੇ ਵਿਚ ਵੱਸਕੇ ਭਾਈਚਾਰੇ ਨੂੰ ਆਪਣੀ ਨੇਕੀ ਦਾ ਖ਼ਮੀਰ ਲਾਕੇ ਸਭ ਨੂੰ ਉੱਚਾ ਕਰੇ, ਇਸ ਦੀ ਲੋੜ ਤੇ ਜਾਚ ਦੱਸੀ। ਜੋ ਪੁਰਖ ਉੱਨਤ ਹੁੰਦਾ ਜਾਏ, ਉਹ ਮਲਾਈ ਵਾਂਙੂ ਦੁੱਧ ਵਿਚੋਂ ਤਿਰ ਤਿਰ ਕੇ ਅਲਗ ਹੋ ਹੋ ਤਰ ਤਰ ਕੇ ਵੱਖਰਾ ਨਾ ਹੁੰਦਾ ਜਾਵੇ, ਸਗੋਂ ਹਰੇਕ ਉੱਨਤ ਹੋਇਆ ਇਨਸਾਨ ਭਾਈਚਾਰੇ ਦੇ ਵਿਚ ਰਹੇ ਤਾਂ ਜੋ ਸਨੇ ਸਨੇ ਉੱਨਤ ਹੋਇਆਂ ਦੇ ਸੰਗ ਨਾਲ ਸਾਰਾ ਸਾਥ, ਸਾਰਾ ਸੰਗ ਉਚਾ ਹੋ ਜਾਵੇ। ਉੱਨਤ ਹੋਣ ਦਾ ਮਾਰਗ ਇਹ ਦੱਸਿਆ ਕਿ ਚਿੰਤਾ, ਫਿਕਰ, ਸੋਚ, ਦਿਨ-ਰਾਤ ਫੁਰਨਿਆਂ ਦੇ ਰੋੜ੍ਹ ਵਿਚ ਰਹਿ ਕੇ ਜੋ ਆਪਾ ਮਦਹੀਨ-ਮੱਚਹੀਨ-ਹੋ ਗਿਆ ਹੈ, ਇਸ ਵਿਚ ਜਾਨ ਵਾਪਸ ਆਵੇ-ਇਹ ਸੁਰਜੀਤ ਹੋਵੇ। ਸੋਚ ਤੋਂ ਆਦਮੀ ਵੀਚਾਰ ਦਾ ਕੰਮ ਲਵੇ ਤੇ ਆਪਣਾ ਜੀਵਨ ਸੁਖੀ ਬਿਤੀਤ ਕਰੇ, ਪਰ ਨਿਰੀ ਫਿਕਰਾਂ ਦੀ ਮਸ਼ੀਨ ਨਾ ਬਣ ਜਾਵੇ ਤੇ ਦੂਸਰਿਆਂ ਲਈ ਕਿਵੇਂ ਬੀ ਦੁਖਦਾਈ ਨਾ ਹੋਵੇ, ਸੁਖਦਾਈ ਹੋਵੇ। ਜਦ ਹਰੇਕ ਵਿਚ ਐਸ ਤਰ੍ਹਾਂ ਦਾ ਭਾਵ ਆ ਜਾਵੇ ਤਾਂ ਸਾਰਾ ਭਾਈਚਾਰਾ ਸੁਧਰ ਗਿਆ, ਸਾਰਾ ਸੁਖੀ ਹੋ ਗਿਆ ਨਹੀਂ ਤਾਂ ਜਿਤਨਾ ਭਾਈਚਾਰਾ ਇਸ ਭਾਵ ਵਾਲਾ ਹੋ ਗਿਆ ਉਤਨਾ ਦੁੱਖ ਘਟ ਗਿਆ। ਇਨਸਾਨ ਦੁੱਖੀ ਕਿਉਂ ਹੈ ਤੇ ਦੁਖ ਦਾਤਾ ਕਿਉਂ ਹੋ ਜਾਂਦਾ ਹੈ? ਇਸ ਨੂੰ ਆਪਣੇ ਪਾਲਣ ਪੋਖਣ ਤੇ ਰਖਜਾ ਤੋਂ ਵੱਧਕੇ 'ਹੋਰ ਹੋਰ ਲੈਣ ਦੀ ਖ਼ੁਦਗਰਜ਼ੀ' ਐਸਾ ਬਣਾਉਂਦੀ ਹੈ। ਇਸ ਖ਼ੁਦਗਰਜ਼ੀ ਦਾ ਮੂਲ ਅੰਦਰ ਦੀ ਹਉਮੈ ਹੈ। ਹਉਮੈ ਇਨਸਾਨ ਦੀ ਸ਼ਖ਼ਸੀਅਤ ਲਈ ਜ਼ਰੂਰੀ ਚੀਜ਼ ਬੀ ਹੈ। ਇਹ ਹੋਵੇ ਤਾਂ ਹੀ ਆਦਮੀ ਜੀਉਂਦਾ ਰਹਿ ਸਕਦਾ ਹੈ। ਆਪਣੀ ਪਾਲਣਾ ਪੋਸਣਾ, ਰਾਖੀ, ਪਰਵਾਰ ਦੇਸ਼ ਦੀ ਸੇਵਾ ਇਸ ਬਿਨਾਂ ਨਹੀਂ ਹੋ ਸਕਦੀ। ਪਰ ਇਹੋ ਹੀ ਇਸਦੇ ਅਤੇ ਇਸਦੇ ਸਿਰਜਣਹਾਰ ਦੇ ਵਿਚਾਲੇ ਪਰਦਾ ਹੈ। ਇਸੇ ਨੂੰ ਜਦ ਇਨਸਾਨ ਬਾਹਰਲੀ ਵਰਤੋਂ ਵਿਚ ਲਿਆਉਂਦਾ ਹੈ ਤਾਂ ਇਹ ਸ੍ਵੈ ਰਖਿਆ ਤੇ ਸ੍ਵੈ ਪਾਲਣਾਂ ਤੋਂ ਅੱਗੇ ਲੰਘਕੇ ਸ੍ਵਾਰਥ-ਪਰਤਾ ਯਾ ਖ਼ੁਦਰਗਜ਼ੀ ਦਾ ਰੂਪ ਧਾਰਦੀ ਹੈ ਤੇ ਜਿਉਂ ਜਿਉਂ ਇਸਦੇ ਮਗਰ ਲੱਗੋ ਇਹ ਵਧਦੀ ਹੈ ਤੇ ਬਹੁਤ ਵਧਕੇ ਇਹ ਦੂਸਰਿਆਂ ਨੂੰ ਦੁੱਖ ਦੇਣ ਵਾਲੀ ਦਾਤੀ ਬਣ ਜਾਂਦੀ ਹੈ, ਤਦ ਇਹੋ ਹਉਮੈ ਜੋ ਮੂਲ ਸੀ ਰੋਗ ਰੂਪ ਹੋ ਜਾਂਦੀ ਹੈ। ਇਸ ਕਰਕੇ ਇਸ ਤੋਂ ਛੁਟਕਾਰਾ ਪਾਉਣਾ ਜ਼ਰੂਰੀ ਹੈ ਪਰ ਇਸ ਤੋਂ ਮੂਲੋਂ ਛੁਟਕਾਰਾ ਪਾ ਸਕਣਾ ਹੋ ਨਹੀਂ ਸਕਦਾ, ਫੇਰ ਤਾਂ ਸਰੀਰ ਬੀ ਨਹੀਂ ਰਹਿ ਸਕਦਾ। ਇਸ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ- "ਹਉਮੈ ਬੂਝੈ ਤਾ ਦਰੁ ਸੂਝੈ॥" ਸੋ ਪਹਿਲਾਂ ਇਸ ਦੀ ਅਸਾਂ ਸਮਝ ਪੈਦਾ ਕਰਨੀ ਹੈ। ਖਾਲਸਾ ਜੀ! ਜ਼ਰਾ ਧਿਆਨ ਦੇਣਾ! ਜਿਸ ਸ਼ੈ ਤੇ ਅਸੀਂ ਵਸੀਕਾਰ ਪਾਉਣਾ ਚਾਹੀਏ, ਉਸਦਾ ਪਹਿਲਾਂ ਗਿਆਨ ਹੋਣਾ ਚਾਹੀਏ। ਜੇ ਅਸਾਂ ਹਉਮੈ ਉੱਤੇ ਕਾਬੂ ਪਾਉਣਾ ਹੈ ਤਾਂ ਪਹਿਲੋਂ ਇਸ ਨੂੰ ਬੁੱਝਣਾ-ਸਮਝਣਾ-ਲੋੜੀਏ। ਇਸ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ- "ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥" ਹਉਮੈ ਨੂੰ ਬੁੱਝਣ ਵਾਸਤੇ ਹੁਕਮ ਦਾ ਬੁੱਝਣਾ ਜ਼ਰੂਰੀ ਹੈ। ਹੁਕਮ ਬੁੱਝਣ ਲਈ ਸਤਿਗੁਰ ਨਾਨਕ ਦੇਵ ਜੀ ਨੇ ਫੁਰਮਾਇਆ- "ਤੇਰਾ ਹੁਕਮੁ ਭਲਾ ਤੁਧੁ ਭਾਵੈ॥ ਨਾਨਕ ਤਾਕਉ ਮਿਲੈ ਵਡਾਈ ਸਾਚੇ ਨਾਮਿ ਸਮਾਵੈ॥" (ਅੰਗ ੩੫੯) ਜੋ ਸੱਚੇ ਨਾਮ ਵਿਚ ਸਮਾਉਂਦਾ ਹੈ, ਉਸ ਨੂੰ ਹੁਕਮ ਦੀ ਵਡਿਆਈ ਪ੍ਰਾਪਤ ਹੁੰਦੀ ਹੈ, ਉਸ ਹੁਕਮ ਦੀ ਜੋ ਤੈਨੂੰ-ਰਬ ਨੂੰ-ਭਾਉਂਦਾ ਹੈ। ਨਾਮ ਦੀ ਪ੍ਰਾਪਤੀ ਗੁਰੂ ਤੋਂ ਹੁੰਦੀ ਹੈ- 'ਹਰਿ ਕਾ ਨਾਮੁ ਨਿਧਾਨੁ ਹੈ ਪੂਰੈ ਗੁਰਿ ਦੀਆ॥ ਨਾਨਕ ਨਾਮੁ ਨ ਵੀਸਰੈ ਮਥਿ ਅੰਮ੍ਰਿਤੁ ਪੀਆ॥' (ਅੰਗ ੪੧੯) ਪੁਨਾ- 'ਬਿਨੁ ਗੁਰ ਰਾਮ ਨਾਮੁ ਕਤ ਲਹੀਐ॥' (ਆਸਾ ਮ: ੧ ਅਸ਼ਟ ੯) ਤੇ ਨਾਮ ਦੀ ਮਹਿਮਾ ਗੁਰਬਾਣੀ ਦੱਸਦੀ ਹੈ, ਬਾਣੀ ਬਾਬਤ ਗੁਰੂ ਨਾਨਕ ਦੇਵ ਜੀ ਦਾ ਫੁਰਮਾਣ ਹੈ- 'ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥ ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥ (ਦਖ: ਓਅੰ-੪੦) ਸੋ ਗੁਰੂ ਕੀ ਬਾਣੀ ਹਉਮੈ ਦਾ ਦਾਰੂ ਹੋਈ ਤੇ ਇਸ ਵਿਚ ਸਤਜਾ ਹੋਈ ਕਿ ਇਹ ਨਿਜ ਘਰ ਵਿਚ ਵਾਸਾ ਦੇਂਦੀ ਹੈ, ਅਰਥਾਤ ਅਪਣੇ ਆਪ ਵਿਚ ਇਸਥਿਤ ਕਰ ਦੇਂਦੀ ਹੈ। ਬਾਣੀ ਤੋਂ ਇਹ ਲਾਭ ਉਠਾਉਣ ਦੇ ਕਈ ਤ੍ਰੀਕੇ ਹਨ-ਬਾਣੀ ਆਪ ਪੜ੍ਹਨੀ ਤੇ ਵੀਚਾਰਨੀ, ਬਾਣੀ ਸੁਣਨੀ ਤੇ ਵੀਚਾਰ ਪ੍ਰਾਪਤ ਕਰਨੀ, ਬਾਣੀ ਦਾ ਕੀਰਤਨ ਕਰਨਾ ਤੇ ਬਾਣੀ ਦਾ ਕੀਰਤਨ ਸੁਣਨਾ। ਹੁਣ ਸਾਧ ਸੰਗਤ ਜੀ ਜ਼ਰਾ ਗਹੁ ਨਾਲ ਸੁਣਨਾ ਕਿ ਬਾਣੀ ਦਾ ਕੀਰਤਨ ਕੀਹ ਵਸਤੂ ਹੈ?

ਆਪ ਰਾਗ ਨੂੰ ਜਾਣਦੇ ਹੋ ਜਿਸ ਨੂੰ ਸਿਆਣੇ ਸੰਗੀਤ ਵੀ ਆਖਦੇ

ਹਨ। ਰਾਗ ਇਕ ਤਾਸੀਰ ਵਾਲੀ ਚੀਜ਼ ਹੈ, ਇਸ ਦਾ ਇਕ ਅਸਰ ਹੈ ਮਨ ਉਤੇ ਵਲਵਲੇ ਦਾ ਅਸਰ ਪਾਉਣਾ, ਇਸਦਾ ਦੂਜਾ ਅਸਰ ਹੈ ਮਨ ਨੂੰ ਜੋੜਨਾ। ਸੰਗੀਤ ਯਾ ਜਿਸ ਨੂੰ ਪੱਛਮੀ ਲੋਕ ਮਯੂਜ਼ਿਕ ਕਹਿੰਦੇ ਹਨ, ਮਨ ਤੇ ਹੀ ਅਸਰ ਨਹੀਂ ਰੱਖਦਾ, ਸਗੋਂ ਸਰੀਰ ਤੇ ਵੀ ਤਾਸੀਰ ਰਖਦਾ ਹੈ। ਇਨਸਾਨ ਦੇ ਸਰੀਰ ਦੇ ਪੱਠੇ ਯਾ ਸਨਾਯੂ ਸ਼੍ਰੇਣੀ ਉਤੇ ਠੰਢਕ ਸ਼ਾਂਤੀ ਤੇ ਸੁਖਦਾਈ ਅਸਰ ਸੰਗੀਤ ਪਾਉਂਦਾ ਹੈ। ਪਰ ਸਾਡੇ ਦੇਸ਼ ਵਿਚ ਇਹ ਉੱਤਮ ਵਸਤੂ ਮਨ ਦੇ ਵਿਕਾਰ ਵਧਾਉਣ ਵਾਸਤੇ ਵਿਕਾਰੀ ਲੋਕਾਂ ਦੇ ਹੱਥ ਵਿਚ ਚਲੀ ਗਈ ਸੀ। ਸ੍ਰੀ ਗੁਰੂ ਜੀ ਨੇ ਇਸ ਸ਼ੈ ਨੂੰ ਮੋੜਾ ਦਿੱਤਾ ਤੇ ਗੁਰਬਾਣੀ ਦਾ ਵਾਹਨ ਬਣਾਕੇ ਸੁਖਦਾਈ ਦਾਰੂ ਬਣਾ ਲਿਆ:-

**ਰਾਗ ਰਤਨ ਪਰੀਆ ਪਰਵਾਰ॥ ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ॥**
**ਨਾਨਕ ਕਰਤੇ ਕਾ ਇਹੁ ਧਨੁ ਮਾਲੁ॥ ਜੇ ਕੋ ਬੂਝੈ ਏਹੁ ਬੀਚਾਰੁ॥**

(ਅੰਗ ੩੫੧)

ਸੋ ਗੁਰਬਾਣੀ ਦਾ ਰਾਗ ਵਿਚ ਗਾਯਨ ਗੁਰੂ ਘਰ ਵਿਚ 'ਕੀਰਤਨ' ਅਖਵਾਇਆ, ਅਰਥਾਤ ਗੁਰੂ ਜੀ ਨੇ ਬਾਨੀ ਤੇ ਰਾਗ ਨੂੰ ਇਕੱਠਿਆਂ ਕੀਤਾ ਅਤੇ ਗੁਰਬਾਣੀ ਦੇ ਕੀਰਤਨ ਨੂੰ ਸਭ ਤੋਂ ਉੱਚਾ ਦਰਜਾ ਦਿੱਤਾ।

ਬਾਣੀ ਤੇ ਰਾਗ, ਦੋਹਾਂ ਦਾ ਥਹੁ ਦੱਸਕੇ, ਦੁਹਾਂ ਦੇ ਮੇਲ ਤੋਂ ਬਣੇ ਕੀਰਤਨ ਦਾ ਸੰਖੇਪ ਸਰੂਪ ਸੁਣਾ ਕੇ ਮੈਂ ਹੁਣ ਆਪ ਸਾਹਿਬਾਂ ਦੀ ਤੀਸਰੀ ਗੱਲ ਸ੍ਰੀ ਗੁਰੂ ਜੀ ਦੇ ਮਾਰਗ ਦੀ ਦੱਸਦਾ ਹਾਂ। ਮੈਂ ਦੱਸ ਆਇਆ ਹਾਂ ਕਿ ਇਨਸਾਨ ਦਾ ਮਨ ਆਪੇ ਨੂੰ ਤੇ ਆਪੇ ਦੇ ਸੁਖ ਨੂੰ ਭੁੱਲ ਬੈਠਾ ਹੈ, ਉਹ ਹੁਣ ਫਿਕਰਾਂ ਦੇ ਘਰ ਵਿਚ ਵੱਸਕੇ ਨਿਤਾਣਪੁਣੇ ਵਿਚ ਤੇ ਦੁਖੀ ਰਹਿਣ ਤੇ ਦੁਖੀ ਕਰਨ ਵਿਚ ਪੈ ਗਿਆ ਹੈ। 'ਭੋਗਾਂ' ਦੇ ਸਾਮਾਨ ਤਾਂ ਉਸ ਨੇ ਚੋਖੇ ਕਰ ਲਏ ਹਨ, ਪਰ ਇਨ੍ਹਾਂ ਨਾਲ ਇਸ ਦੀ ਖ਼ੁਦਗਰਜ਼ੀ ਵਧੀ ਹੈ ਤੇ ਸੁਖ ਨਹੀਂ ਵਧਿਆ, ਨਾ ਇਸਦਾ ਆਪਣਾ ਤੇ ਨਾ ਜਗਤ ਦਾ। ਅਰਥਾਤ ਭੋਗ ਰੂਪ ਸੁਖ ਦੇ ਸਾਮਾਨ ਯਾ ਭੋਗਾਂ ਦੇ ਰਸਾਂ ਦੇ ਸਾਮਾਨ ਵਧੇ ਹਨ, ਪਰ ਸੁਖ, ਸ਼ਾਂਤੀ, ਤਸੱਲੀ ਨਹੀਂ ਵਧੀ। ਸਗੋਂ ਵੈਰ ਵਿਰੋਧ ਬਹੁਤ ਵਧੇ ਹਨ। ਮੈਂ ਦਸਿਆ ਸੀ ਕਿ 'ਜੋਗ' ਤੇ 'ਕਰਮ' ਆਦਿ ਤ੍ਰੀਕੇ ਕਿਸੇ ਹੋਰ ਪਾਸੇ ਵਲ ਪੈ ਗਏ ਸਨ। ਸੋ ਗੁਰੂ ਜੀ-ਗੁਰੂ ਨਾਨਕ ਦੇਵ ਜੀ-ਨੇ ਇਹ ਇਕ ਸੌਖਾ ਰਾਹ ਆਪੇ ਦੇ ਆਪੇ ਵਿਚ ਆਉਣ ਦਾ ਖੋਹਲਿਆ। ਇਹ ਸੀ ਵਿਸਮਾਦ। ਆਪਣੇ ਇਸ ਮਾਰਗ ਨੂੰ ਆਪ ਨੇ 'ਸਿਫਤਿ ਸਾਲਾਹ' ਕਰਕੇ ਦੱਸਿਆ ਤੇ ਫੁਰਮਾਯਾ:- 'ਜਿਸਨੋ ਬਖਸੇ ਸਿਫਤਿ ਸਾਲਾਹ॥ ਨਾਨਕ ਪਾਤਿਸਾਹੀ ਪਾਤਿਸਾਹੁ॥' ਫੇਰ ਆਪ ਨੇ ਫੁਰਮਾਯਾ:- 'ਸਿਫਤਿ ਸਲਾਹਣੁ ਸਹਜ ਅਨੰਦ॥' ਅਰਥਾਤ ਸਿਫਤਿ ਤੇ ਸਲਾਹੁਤ ਕਰਨ ਨਾਲ ਆਪਣੇ 'ਆਪ ਦਾ ਸੁਭਾਵਕ ਆਨੰਦ' ਪ੍ਰਾਪਤ ਹੁੰਦਾ ਹੈ ਜੋ ਆਤਮਾ ਦਾ ਆਪਣਾ ਰਸ ਹੈ। ਆਤਮਾ ਹੈ ਸੁੰਦਰਤਾ, ਪਰਮਾਤਮਾ ਹੈ, ਸੁੰਦਰਤਾ। ਇਕ ਹੈ ਹੀਰਾ ਕਣੀ ਦੂਜਾ ਹੈ ਹੀਰਾ। ਦੁਹਾਂ ਦੀ ਬੋਲੀ ਹੈ ਸੁੰਦਰਤਾ, ਬੋਲੀ ਵਾਲੀ ਸੁੰਦਰਤਾ ਹੈ ਸਿਫ਼ਤ ਸਲਾਹ, ਸਿਫ਼ਤ ਸਲਾਹ ਹੈ ਪ੍ਰੇਮ, ਪ੍ਰੇਮ ਹੈ ਆਨੰਦ। ਸੋ ਮੋਟੀ ਤਰ੍ਹਾਂ ਸਮਝੋ ਕਿ ਪਹਿਲੋਂ ਪਰਮ ਸੁੰਦਰ ਵਾਹਿਗੁਰੂ ਦੀ ਸਿਫਤ ਸਲਾਹ ਕਰਨ ਨਾਲ ਮਨ ਦੀਆਂ ਖਿੰਡਾਊ ਤੇ ਮੰਦ ਵਾਸ਼ਨਾ ਦੀਆਂ ਸਾਰੀਆਂ ਮੈਲਾਂ ਦੂਰ ਹੁੰਦੀਆਂ ਹਨ ਤੇ ਆਪਾ ਚਮਕ ਉਠਦਾ ਹੈ। ਸੋ ਸਿਫਤ ਸਲਾਹ ਨਾਲ ਸਾਨੂੰ ਦੋ ਗਲਾਂ ਲੱਭੀਆਂ: ਮਨ ਦੀ ਮੈਲ ਲਹਿਣੀ, ਨਿਜ ਸੁੰਦਰਤਾ ਦਾ ਚਮਕ ਪੈਣਾ ਤੇ ਨਿਜ ਦੇ ਸਹਜ ਸੁਖ ਦੀ ਪ੍ਰਾਪਤੀ, ਫੇਰ ਇਸ ਤੋਂ ਅੱਗੇ ਵਾਹਿਗੁਰੂ ਜੀ ਨਾਲ ਨੇਹੁ ਲੱਗਣਾ ਵੀ ਸਿਫਤ ਸਲਾਹ ਨਾਲ ਹੀ ਆਪ ਨੇ ਦੱਸਿਆ-'ਸਿਫਤੀ ਗੰਢੁ ਪਵੈ ਦਰਬਾਰਿ।' ਜਦੋਂ ਆਪ ਨੇ ਭਰਥਰੀ ਨੂੰ, ਜੋ ਵੱਡਾ ਜੋਗੀ ਸੀ, ਉਪਦੇਸ਼ ਦਿੱਤਾ ਤਾਂ ਮੂਲ ਗੱਲ ਇਹ ਸਮਝਾਈ- 'ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ।' ਇਸੇ ਵਾਸਤੇ ਸ੍ਰੀ ਗੁਰੂ ਜੀ ਨੇ ਜੀਵ ਨੂੰ 'ਜਾਪ ਤੇ ਸਿਮਰਨ' ਵੀ ਵਾਹਿਗੁਰੂ ਪਦ ਦਾ ਸਿਖਾਲਿਆ। 'ਵਾਹ' ਨਾਮ ਅਚਰਜ ਦਾ ਹੈ, ਸੁੰਦਰਤਾ ਨੂੰ ਵੇਖਕੇ ਅਚਰਜ ਹੋ ਮੂੰਹੋਂ 'ਵਾਹ' ਨਿਕਲਦੀ ਹੈ। ਕਿਸੇ ਦੇ ਗੁਣ ਵੇਖਕੇ ਸਲਾਹੁਤ ਵੇਲੇ ਵਾਹ ਵਾਹ ਆਖੀਦੀ ਹੈ, ਇਸੇ ਤਰ੍ਹਾਂ ਵੀਚਾਰ ਲਓ, ਸਾਧ ਸੰਗਤ ਜੀ! ਵਾਹ ਵਾਹ ਕਹਿੰਦਿਆਂ ਮਨ ਸਿਫਤ ਸਲਾਹ ਵਿਚ ਚਲਾ ਜਾਂਦਾ ਹੈ, ਸਿਫਤ ਸਲਾਹ ਵਿਸਮਾਦ ਵਿਚ ਲੈ ਜਾਂਦੀ ਹੈ, ਵਿਸਮਾਦ ਆਪੇ ਦਾ ਰਸ ਖੋਹਲ ਦੇਂਦਾ ਹੈ। ਸੋ ਇਸ ਤਰੀਕੇ ਹੋ ਰਹੇ ਨਾਲ ਗੁਰੂ ਨੇ ਸੁਮਤਿ ਦਿੱਤੀ ਕਿ ਹੇ ਫਿਕਰਾਂ, ਸੋਚਾਂ ਤੇ ਜਤਨਾਂ ਵਿਚ ਰਹਿ ਰਹਿ ਕੇ ਨਿਤਾਣੇ ਬੰਦੇ! ਤੂੰ ਕਿਸੇ ਵੇਲੇ ਆਪੇ ਵਿਚ ਵੀ ਆਇਆ ਕਰ: 'ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ॥' ਤੇ ਸਾਰੇ ਸੁਖਾਂ ਤੇ ਰਸਾਂ ਦੇ ਮੂਲ ਸੁਖ-ਆਪੇ ਦੇ ਸੁਖ- ਵਿਚ ਵੀ ਸੁਖ ਪ੍ਰਤੀਤ ਕਰਨ ਦੀ ਜਾਚ ਸਿਖ:- 'ਪੀਵਹੁ ਅਪਿਉ ਪਰਮ ਸੁਖੁ ਪਾਈਐ ਨਿਜ ਘਰਿ ਵਾਸਾ ਹੋਈ ਜੀਉ।' (ਸੋਰਠਿ ਮ: ੧-੯ ਤੇ ੧੧)

ਇਹ ਮੈਂ ਦੱਸ ਆਇਆ ਹਾਂ ਕਿ ਰਾਗ ਨਾਲ ਮਨ ਪੰਘਰਦਾ ਹੈ, ਦ੍ਰਵਦਾ ਹੈ ਅਤੇ ਜੁੜਦਾ ਹੈ। ਸੋ ਸਿਫਤ ਸਲਾਹ ਜਦ ਰਾਗ ਵਿਚ ਕੀਤੀ ਜਾਂਦੀ ਹੈ ਤਾਂ ਬਹੁਤ ਛੇਤੀ ਅਸਰ ਕਰ ਦੇਂਦੀ ਹੈ। ਮਨ ਛੇਤੀ ਏਕਾਗਰ ਹੁੰਦਾ ਹੈ। ਜੋਗੀ ਹਠ ਤਪ ਤੇ ਤਿਆਗ ਕਰ ਕਰਕੇ ਘਾਲਾਂ ਦੇ ਬਾਦ ਮਨ ਨੂੰ ਜੋ 'ਖਿਜਪਤ' ਹੋ ਰਿਹਾ ਹੈ, ਇਕੱਠਾ ਕਰਦਾ 'ਵਿਖਜਪਤ' (ਖਿੰਡਾਊ) ਤੋਂ ਲੰਘਦਾ 'ਏਕਾਗ੍ਰ' ਹੁੰਦਾ ਹੈ। ਸਿਫਤ ਸਲਾਹ ਵਾਲਾ ਕੀਰਤਨ ਦੇ ਪ੍ਰਭਾਵ ਨਾਲ ਬਿਨਾਂ ਹਠ ਤਪ ਦੇ ਕਸ਼ਟ ਝੱਲੇ ਦੇ ਵਿਸਮਾਦ ਹੋ ਏਕਾਗ੍ਰ ਹੁੰਦਾ ਹੈ। ਏਕਾਗ੍ਰ ਹੋ ਕੇ ਆਪੇ ਦਾ ਰਸ ਖੁੱਲ੍ਹਦਾ ਹੈ। ਏਕਾਗ੍ਰ ਹੋ ਕੇ ਪਤਾ ਲਗਦਾ ਹੈ ਕਿ ਸਾਡਾ ਮਨ ਫਿਕਰਾਂ ਨੇ ਕੋਝਾ, ਨਿਤਾਣਾਂ, ਖੁਦਗਰਜ਼ ਤੇ ਹੀਣਾ ਕਰ ਛੱਡਿਆ ਹੈ, ਜੋ ਕਦੇ ਹੰਕਾਰ ਵਿਚ ਆਕੇ ਲੋਕਾਂ ਨੂੰ ਦੁਖ ਦੇਂਦਾ ਹੈ, ਕਦੇ ਨਿਰਾਸਾ ਵਿਚ ਜਾ ਕੇ ਆਪੇ ਨੂੰ ਖਾਂਦਾ ਹੈ। ਜੇ ਡਰ ਦੇਂਦਾ ਹੈ ਤਾਂ ਦੁੱਖ ਫੈਲਾਉਂਦਾ ਹੈ ਜਗਤ ਵਿਚ, ਜੇ ਡਰ ਖਾਂਦਾ ਹੈ ਤਾਂ ਦੁਖੀ ਹੁੰਦਾ ਹੈ ਆਪ। ਪਰ ਜਦੋਂ ਇਹ ਮਨ ਜੁੜਦਾ ਹੈ ਤੇ ਸਿਫਤ ਸਲਾਹ ਨਾਲ ਜੁੜਦਾ ਹੈ ਤਾਂ ਆਪੇ ਦੇ ਰਸ ਵਿਚ ਆਉਂਦਾ ਹੈ। ਆਪੇ ਦੇ ਰਸ ਵਿਚ ਆਕੇ ਸੁਖੀ ਹੁੰਦਾ ਹੈ, ਸ੍ਰੀ ਗੁਰੂ ਜੀ ਦਾ ਫੁਰਮਾਣ ਹੈ:- 'ਗੁਣ ਗਾਇ ਰਾਮ ਰਸਾਇ ਰਸੀਅਹਿ ਗੁਰ ਗਿਆਨ ਅੰਜਨੁ ਸਾਰਹੇ॥' (ਤੁਖਾ: ਮ: ੧-੬) ਅਰਥਾਤ ਰੱਬ ਜੀ ਦੀ ਸਿਫਤ ਸਲਾਹ ਕਰਨ ਨਾਲ ਰਸ ਵਿਚ ਆਕੇ ਰਸ ਰੂਪ ਹੋ ਜਾਈਦਾ ਹੈ। ਪੁਨਾ: 'ਏ ਮਨ ਮੇਰਿਆ ਗੁਣ ਗਾਵਹਿ ਸਹਜਿ ਸਮਾਵਹੀ ਰਾਮ॥' ਅਰਥਾਤ ਸਿਫਤ ਸਲਾਹ ਨਾਲ ਮਨ ਆਪਣੇ ਸੁਭਾਵਕ ਸੁਖ ਵਿਚ ਆਉਂਦਾ ਹੈ। ਇਉਂ ਮਨ ਆਪੇ ਵਿਚ ਸੁਖੀ ਹੋਕੇ ਦੂਸਰੇ ਤੋਂ ਸੁਖ ਲੈਣ ਦੀ, ਅਰਥਾਤ ਬਾਹਰੋਂ ਸੁਖੀ ਹੋਣ ਦੀ ਇੱਛਾ ਨੂੰ ਵਾਧੂ ਸਮਝਦਾ ਹੈ। 'ਜੁੜਿਆ ਮਨ' ਪ੍ਰਤੀਤ ਕਰਦਾ ਹੈ ਕਿ ਸੁਖ ਤਾਂ ਆਪੇ ਵਿਚ ਹੈ, ਬਾਹਰੋਂ ਤਾਂ ਸੁਖ ਕੋਈ ਨਹੀਂ ਆਉਂਦਾ ਜੋ ਮੈਨੂੰ ਆ ਕੇ ਇਸ ਸੁਖ ਤੋਂ ਵਧੀਕ ਸੁਖੀ ਕਰ ਦੇਵੇ, ਇਉਂ ਅੰਦਰੋਂ ਸੁਖੀ ਹੋਕੇ ਬਾਹਰਲੀ ਵਰਤੋਂ ਵਿਚ ਖ਼ੁਦਗ਼ਰਜ਼ੀ ਦਾ ਮਨਤੱਵ ਸੁਤੇ ਘਟਦਾ ਜਾਂਦਾ ਹੈ। ਫੇਰ ਇਹ ਜਗਤ ਨੂੰ ਦੁਖ ਨਹੀਂ ਦੇਂਦਾ, ਇਉਂ ਮਨ ਵਿਚ ਮਨ ਦੇ ਟਿਕ ਕੇ ਆਪਣਾ ਸਹਜ ਅਨੰਦ ਕਹੋ ਜਾਂ ਆਪਣੇ ਜੀਵਨ ਰਸ ਤੋਂ ਰਸ ਪਾ ਲੈਣਾ ਕਹੋ, ਕੀਰਤਨ ਨਾਲ ਪ੍ਰਾਪਤ ਹੁੰਦਾ ਹੈ। ਸੋ ਭਾਈ ਸੱਜਣੋਂ! ਕੀਰਤਨ ਕਰਨਾ ਆਪਣੇ ਸੁਖ ਵਾਸਤੇ ਹੈ ਤੇ ਜਗਤ ਲਈ ਸੁਖ ਦਾਤਾ ਬਣਨ ਵਾਸਤੇ ਹੈ। ਕਰਤਾ ਪੁਰਖ ਨੂੰ, ਉਸ ਸੰਪੂਰਨ ਰੂਪ ਵਿਚ ਸੰਪੂਰਨ ਪਰਮਾਤਮ ਦੇਵ ਨੂੰ ਆਪਣੀ ਕੁਸ਼ਾਮਤ ਦੀ ਲੋੜ ਨਹੀਂ, ਉਹ ਜੋ ਜਗਤ ਰਚਣ ਤੋਂ ਬਿਨਾਂ ਆਨੰਦ ਸ੍ਵਰੂਪ ਹੈ, ਜਗਤ ਰਚਕੇ ਬੀ ਆਨੰਦ ਸ੍ਵਰੂਪ ਹੈ, ਉਸ ਨੂੰ ਕਿਸੇ ਸ਼ੈ ਦੀ ਲੋੜ ਨਹੀਂ, ਕਿਸੇ ਸ਼ੈ ਦੀ ਮੁਥਾਜੀ ਨਹੀਂ। ਅਸੀਂ ਉਸ ਸੰਪੂਰਨ ਨੂੰ ਮਿਲਕੇ ਤ੍ਰਿਪਤ ਤੇ ਸੁਖੀ ਹੁੰਦੇ ਹਾਂ:-

**ਤੁਮ ਪੂਰਨ ਪੂਰਿ ਰਹੇ ਸੰਪੂਰਨ ਹਮ ਭੀ ਸੰਗਿ ਅਘਾਏ॥** (ਰਾਮਕਲੀ ਮ: ੫-੬)

**(ਲੇਖ ਦਾ ਬਾਕੀ ਹਿੱਸਾ ਅਗਲੇ ਅੰਕ 'ਚ)**

# A Sovereign still remembered with affection

❖ **Harjeet Singh Gill**

Maharaja Ranjit Singh is an icon of Indian and Punjab history. We have been emphasising his greatness in polity, in his concern for religions and sects of his governed populace, in his love for all, in his incisive understanding of human values in an age when there was the rule of brutal force and tyranny all over the world.

The first outcome of colonialism was slavery. The "other", the slave, the ruled simply did not exist. Men and women from African tribes were displayed in the West as some kind of animals. It was the beginning of the 19th century. For the ruling elite, the slaves were not citizens of the state. They had no rights. The faithfulness of the slaves was one of the most important characteristics of the "ghulam" in Judeo-Arabic world. But for Ranjit Singh, there were no slaves, all had the same rights and duties towards the State. This was the enlightenment of Khalsa Raj. There are several examples when his Sikh sardars were admonished for their misbehaviour towards the persons of other religions.

In a recent poll conducted by BBC, Maharaja Ranjit Singh has been declared to be the 'greatest world leader'. Matt Elton, the editor of the BBC World Histories Magazine writes: Ranjit Singh's overwhelming success in our poll suggests that the qualities of his leadership continue to inspire people around the world in the 21st century. Five thousand scholars from all over the world participated in this poll which included eminent historians like Matthew Lockwood, Margaret MacMillan and Gus Casely-Hayford. Ranjit Singh received 38 per cent votes. The second best got only 25. The top 20, way below the line, included Joan of Arc, Mughal emperor Akbar, Russian empress Catherine the Great, and US President Abraham Lincoln.

For the Punjabis, it is a matter of great pride that their Maharaja is honoured for his reign of love, equality and justice for all religions and cultures, when, not only in our country, but all over the world, there is absolute tyranny of intolerance. The old French revolutionary slogan of the annihilation of the "other" is the order of the day. It is refreshing to note that the sane voices recognise the excellence of humanity wherever it may be, whenever it had been. The brotherhood of all humans, the existential 'condition humaine', irrespective of its religion and origin, is still honoured by the intelligentsia of the world. It is a great event.

It is heartening to note that the world of scholarship



has recognised the Maharaja's foresight of abolishing death sentence in the beginning of the 19th century. To conceptualise justice and equality of human relationships across race and religion in those days of imperialism and rule by terror and brutal force is indeed a high mark in the history of political ideas. This supposedly illiterate sovereign had the most incisive understanding of humanity. He could, in those dark days of colonialism all over the world, when slavery of the conquered was considered normal, deal with his governed populace with such affection. Even more surprising is the fact that in what is called Khalsa Raj, where the Sikhs were in extreme minority, there was no coercion, no forced conversion. He was known for his liberal donations to all sacred places of worship. In Varanasi, at a famous temple, the priests show you with pride the gold bell that was offered by the Maharaja. There are several examples of such charity. Numerous temples and mosques were built in his kingdom at the expenses of the State.

He looked for talent wherever it was found, whether the able soldier or statesman was a Muslim, a Hindu or even a foreigner did not matter. His most trusted *wazir* was a Muslim. His army was trained by French and Italian generals. There were ➢

# The Biography of a Sikh

**Prof. Puran Singh**

**THE TRUE OF LIFE OF THE BUDDHA IS IN THE BUDDHA FACE**

Entering a museum of stone-statues of the Bodhisattvas and Buddhas, one is struck with the ecstasy of the peace pulsating in the stone. And we sit gazing rapt in wonder, till we join the great concourse of the Celestials and breathe the same ineffable peace, however short the blissful moment may be. The whole life of the Buddha centres in this strange Assembly, and then it radiates from there everlastingly its superb calm and exquisite divine compassion. Here is the highest significance of all Art.

This little moment of peace, made eternal, has been the lifework of the Buddha and his disciples. This in fact is the whole life of the Buddha.

Even elephant-loads of Buddhistic literature without this supreme Godlit face would be meaningless. A whole record of the lives of the Bodhisattvas, replete with lessons of all kinds, would be fiction without this glorious face.

The true biography of the Buddha is the Buddha himself.

## A reign still remembered

➢ artists, architects, scholars from different religious and cultural background. They all served the same State. They were all members of the same brotherhood.

Maharaja Ranjit Singh was a great king but he was also the most humble person. As per a number of historical sources, he lived a very simple life. There are several anecdotes. Off and on, his Muslim Prime Minister reminds him of his status of a king and consuls him to follow the regal dress and code of the Oriental Throne. The Maharaja listens with due respect and tells him of his humble origin and the origin of his fellow sardars. As far the sardars were concerned, they always addressed him as "brother". No honorific title was ever used in their address. For Maharaja, the Sovereign of the Punjab, the Lion of the Punjab, it was perfectly normal. He was at ease in that informal ambience.

It is for this highly enlightened political, social and cultural order of his reign that the BBC poll has declared Maharaja Ranjit Singh as the greatest leader of all times. We, the Punjabis, are certainly grateful for this honour.

Courtesy : *The Sunday Tribune*, 15th March, 2020

**LOVE HAS DIFFERENT COLOURS, BUT ONE UNCHANGING FACE**

The life of saints and disciples is just one unvarying biography of a man or a woman in intense love with the Master. Their speech is hymns, their action worship. To love, to labour and to distribute the Nam and food to sustain life is their religion and art.

"Those who have enshrined the Guru's Word within, see Him everywhere and in all things; their life is a continuous salutation to the divine.

—Guru Arjan Dev in Sukhmani, IX-Sloka

They carry out the will of their Master and their hands and feet are the instruments of an impulse born of His will. They labour to gather peace of the soul as they labour to gather bread for mankind. Both art and labour are far concentration of the Soul in the Being of the Beloved, the Beautiful. The Art of *Simran* is for me to live by, all other arts are but side expressions of my soul.

**OUR ROSARY**

The Names of the Ten Gurus spell for us the Name of the Deathless Being on whom we Sikhs are bidden to call in all our needs. The rosary of these holy Names, these Ten Stars of our firmament is revolving in the sky of our memory.

**GURU NANAK'S IMAGE**

In such an atmosphere of holy memory, of prayer, of personal passionate love for those sacred Ten, we are born and bred. The face and form of Guru Nanak is to be shaped out of human clay in every Sikh home.

**THE SIKH IS A VISION**

The Sikh is like an umbrageous tree wherever he lives, and the sun-beaten, thirsty traveller whoever he may be, finds a solace in his shelter, in his home. And the traveller rises and goes on his way blessing the Sikh whose face accompanies him as a friend who blesses and vitalizes him. In his reverie, the traveller sees the cool shade of the Sikh soul spreading over his head in the hot, dry, blazing deserts that lie beyond death and he wakes dreaming and thankful for having met him.

Such is the way of the Sikh individual. And *Sangat* (society) is a galaxy of such Perfected Individuals made by the prayer of *Nam,* of Service.

*-Spirit of the Sikh*

## ਮਹਾਰਾਜਾ ਰਣਜੀਤ ਸਿੰਘ...

ਵਾਲੀਆਂ ਸੰਸਥਾਵਾਂ ਨੂੰ ਵੱਡੀਆਂ-ਵੱਡੀਆਂ ਜਗੀਰਾਂ ਦਿੱਤੀਆਂ ਗਈਆਂ ਸਨ। ਮਹਾਰਾਜੇ ਨੇ ਪੁਰਾਣੇ ਸਮੇਂ ਤੋਂ ਚਲੀਆਂ ਆ ਰਹੀਆਂ ਹਿੰਦੂ ਅਤੇ ਮੁਸਲਿਮ ਸੰਸਥਾਵਾਂ ਦੀਆਂ ਜਗੀਰਾਂ ਨੂੰ ਵੀ ਪੱਕਿਆਂ ਕਰ ਦਿੱਤਾ ਸੀ।

### ਇਕ ਸਿਆਣਾ ਰਾਜਨੀਤੀਵੇਤਾ

ਮਹਾਰਾਜਾ ਇਕ ਸਿਆਣਾ ਰਾਜਨੀਤੀਵੇਤਾ ਸੀ। ਰਾਜਨੀਤੀ ਦੀ ਖੇਡ ਵਿਚ ਉਸ ਨੂੰ ਹਰਾ ਸਕਣਾ ਸੌਖਾ ਨਹੀਂ ਸੀ। 1835 ਵਿਚ ਕਾਬਲ ਦੇ ਸ਼ਾਸਕ ਦੋਸਤ ਮੁਹੰਮਦ ਦੇ 'ਜਹਾਦ' ਦੇ ਨਾਅਰੇ ਅਤੇ ਫ਼ੌਜੀ ਤਿਆਰੀਆਂ ਨੂੰ ਉਸ ਨੇ ਆਪਣੀ ਕੁਸ਼ਲ ਰਾਜਨੀਤੀ ਦੁਆਰਾ ਪਛਾੜ ਕੇ ਰੱਖ ਦਿੱਤਾ ਸੀ ਤੇ ਦੋਸਤ ਮੁਹੰਮਦ ਪਿਸ਼ਾਵਰ ਵਿਰੁੱਧ ਕੋਈ ਫ਼ੌਜੀ ਕਾਰਵਾਈ ਕੀਤੇ ਬਗ਼ੈਰ ਹੀ ਵਾਪਸ ਕਾਬਲ ਪਰਤ ਗਿਆ ਸੀ। 1805 ਵਿਚ ਮਰਾਠਾ ਸਰਦਾਰ ਜਸਵੰਤ ਰਾਉ ਹੋਲਕਰ ਵੱਲੋਂ ਅੰਗਰੇਜ਼ਾਂ ਵਿਰੁੱਧ ਮੰਗੀ ਮਦਦ ਨੂੰ ਵੀ ਉਹ ਆਪਣੀ ਰਾਜਨੀਤਿਕ ਸੂਝ-ਬੂਝ ਨਾਲ ਟਾਲ ਕੇ ਇਕ ਵੱਡੀ ਲੜਾਈ ਦੇ ਖ਼ਤਰੇ ਤੋਂ ਬਚ ਗਿਆ ਸੀ ਜਿਸ ਦੇ ਸਿੱਟੇ ਉਸ ਦੇ ਨਵੇਂ ਸਥਾਪਿਤ ਰਾਜ ਲਈ ਬੜੇ ਭਿਆਨਕ ਹੋ ਸਕਦੇ ਸਨ। ਉਸ ਦੀ ਅੰਗਰੇਜ਼ਾਂ ਨਾਲ ਕੀਤੀ ਅੰਮ੍ਰਿਤਸਰ ਦੀ ਸੰਧੀ (25 ਅਪ੍ਰੈਲ, 1809) ਅਤੇ ਉੱਤਰ ਪੱਛਮੀ ਸੀਮਾਂ ਪ੍ਰਤੀ ਅਪਣਾਈ ਅਫ਼ਗ਼ਾਨ ਨੀਤੀ, ਉਸ ਦੀ ਰਾਜਨੀਤਿਕ ਸੂਝ ਅਤੇ ਪਕਿਆਈ ਦੀਆਂ ਸ਼ਾਨਦਾਰ ਮਿਸਾਲਾਂ ਹਨ ਜਿਨ੍ਹਾਂ ਸਦਕੇ ਉਹ ਇਕ ਲੰਮੇ ਸਮੇਂ ਤਕ ਪੰਜਾਬ ਵਿਚ ਅਮਨ ਅਤੇ ਸਥਿਰਤਾ ਕਾਇਮ ਰੱਖਣ ਵਿਚ ਕਾਮਯਾਬ ਹੋ ਸਕਿਆ ਸੀ।

ਮਹਾਰਾਜੇ ਦੁਆਰਾ ਸਥਾਪਿਤ ਸੁਚੱਜੇ ਰਾਜ-ਪ੍ਰਬੰਧ ਤੇ ਅਮਨ ਸਦਕਾ ਪੰਜਾਬ ਏਸ਼ੀਆ ਦਾ ਸਭ ਤੋਂ ਗਤੀਸ਼ੀਲ ਅਤੇ ਖ਼ੁਸ਼ਹਾਲ ਦੇਸ਼ ਬਣ ਗਿਆ ਸੀ, ਜਿਸ ਦਾ ਵਿਉਪਾਰ ਚੀਨ, ਰੂਸ, ਤਿੱਬਤ, ਮੱਧ ਏਸ਼ੀਆ ਅਤੇ ਯੂਰਪ ਦੇ ਕਈ ਦੇਸ਼ਾਂ ਤਕ ਫੈਲਿਆ ਹੋਇਆ ਸੀ।

### ਮਹਾਰਾਜੇ ਦੀ ਦੇਣ

ਰਣਜੀਤ ਸਿੰਘ ਨੇ ਚਾਲੀ ਸਾਲ (1799-1839 ਈਸਵੀ) ਤਕ ਪੰਜਾਬ ਉੱਤੇ ਰਾਜ ਕੀਤਾ। ਨਾ ਸਿਰਫ਼ ਉਸ ਨੇ ਪੰਜਾਬ ਦੇ ਲੋਕਾਂ ਨੂੰ ਸਵੈਮਾਨ, ਸਥਿਰਤਾ ਅਤੇ ਅਮਨ ਹੀ ਪ੍ਰਦਾਨ ਕੀਤਾ ਸਗੋਂ ਪੰਜਾਬੀਆਂ ਦੇ ਸਰਬ ਸਾਂਝੇ ਰਾਜ ਨੂੰ ਬਹੁਪੱਖੀ ਵਿਕਾਸ ਅਤੇ ਪ੍ਰਗਤੀ ਲਈ ਕਈ ਤਰ੍ਹਾਂ ਦੇ ਅਵਸਰ ਵੀ ਪ੍ਰਦਾਨ ਕੀਤੇ ਜਿਨ੍ਹਾਂ ਸਦਕਾ ਮਹਾਰਾਜੇ ਦੇ ਰਾਜ ਦੀ ਚਰਚਾ ਦੂਰ-ਦੂਰ ਦੇ ਦੇਸ਼ਾਂ ਤਕ ਹੋਣ ਲੱਗ ਪਈ। ਧਰਮ ਨਿਰਪੇਖ ਨੀਤੀਆਂ ਅਤੇ ਸਾਂਝੇ ਭਾਈਚਾਰੇ ਸਦਕਾ ਪੰਜਾਬ ਵਿਚ ਵੱਸਣ ਵਾਲੇ ਵੱਖੋ-ਵੱਖਰੇ ਧਰਮਾਂ ਤੇ ਫਿਰਕਿਆਂ ਦੇ ਲੋਕ ਰਣਜੀਤ ਸਿੰਘ ਦੇ ਰਾਜ ਨੂੰ ਆਪਣਾ ਹੀ ਰਾਜ ਸਮਝਣ ਲੱਗ ਪਏ। 200 ਸਾਲ ਬੀਤ ਜਾਣ ਮਗਰੋਂ ਵੀ ਮਹਾਰਾਜੇ ਦੀ ਯਾਦ ਲੋਕ ਮਨਾਂ ਵਿਚ ਅੱਜ ਵੀ ਉਸ ਤਰ੍ਹਾਂ ਤਾਜ਼ਾ ਹੈ ਜਿਵੇਂ ਇਹ ਕੋਈ ਬੀਤੇ ਹੋਏ ਕੱਲ੍ਹ ਦੀ ਗੱਲ ਹੋਵੇ। 27 ਜੂਨ, 1839 ਨੂੰ ਰਣਜੀਤ ਸਿੰਘ ਦੇ ਚਲਾਣਾ ਕਰ ਜਾਣ ਤੇ ਬੰਗਾ ਨਿਵਾਸੀ ਭਾਈ ਕਾਹਨ ਸਿੰਘ ਨੇ ਆਪਣੇ 'ਜੰਗਨਾਮਾ ਲਾਹੌਰ' ਵਿਚ ਲਿਖਿਆ ਸੀ :

ਨਾ ਭੂਲੇਗਾ ਜਬ ਤਕ ਜ਼ਮੀਂ ਆਸਮਾਂ, ਐਸਾ ਬਾਦਸ਼ਾਹ ਫ਼ੈਜ਼ ਬਖਸ਼ੇ ਜਹਾਂ।<br>
ਐਸਾ ਬਾਦਸ਼ਾਹ ਕਿਉਂ ਨਾ ਜੀਤਾ ਰਹਾ, ਸਤਿਜੁਗ ਕਲੂ ਬੀਚ ਬੀਤਾ ਰਹਾ।

ਮਹਾਰਾਜਾ ਰਣਜੀਤ ਸਿੰਘ ਭਾਰਤੀ ਇਤਿਹਾਸ ਦਾ ਮਾਣ ਅਤੇ ਪੰਜਾਬ ਦਾ ਗੌਰਵ ਹੈ।

-ਹਰਿਮੰਦਰ ਸਾਹਿਬ ਦੀ ਕਲਾ

# ਸ਼ੇਰ-ਏ-ਪੰਜਾਬ

13 ਮਿਸਲਾਂ 'ਚ ਵੰਡੀ ਸਿੱਖ ਸ਼ਕਤੀ ਨੂੰ ਏਕੀਕ੍ਰਤ ਕਰਨ ਵਾਲਾ, ਸਿੱਖ ਰਾਜਿਆਂ 'ਚ ਇੱਕੋ-ਇੱਕ ਮਹਾਰਾਜਗੀ ਦੇ ਪਦ ਨੂੰ ਧਾਰਨ ਕਰਨ ਵਾਲਾ ਅਤੇ ਤਕਰੀਬਨ 40 ਸਾਲ ਤੋਂ ਵਧ ਸਮੇਂ ਤਕ ਭਾਰਤ ਦੇ ਉੱਤਰੀ ਖਿੱਤੇ 'ਚ ਮਨੁੱਖੀ ਕਦਰਾਂ-ਕੀਮਤਾਂ ਤੇ ਅਧਾਰਿਤ ਇਕ ਵੱਡੇ ਰਾਜ ਦੀ ਸਥਾਪਨਾ ਕਰਨ ਵਾਲਾ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਦਾ ਵੱਡਾ ਹਿੱਸਾ ਇਸ ਵਿਸ਼ਾਲ ਅਤੇ ਮਜ਼ਬੂਤ ਸਿੱਖ ਰਾਜ ਦੀ ਕਾਇਮੀ ਨੂੰ ਸਮਰਪਿਤ ਰਿਹਾ। ਮਹਾਰਾਜਾ ਹਾਲੇ 18 ਵਰ੍ਹਿਆਂ ਦਾ ਸੀ ਕਿ ਉਸ ਲਾਹੌਰ ਜਿੱਤ ਲਿਆ ਸੀ। ਇਕ ਉਤਸ਼ਾਹ ਨਾਲ ਭਰੇ ਇਸ ਗੱਭਰੂ ਨੇ ਫਿਰ ਇਤਿਹਾਸ ਤੇ ਆਪਣੀ ਪਕੜ ਕੁਝ ਇਸ ਤਰ੍ਹਾਂ ਪੀਢੀ ਕੀਤੀ ਕਿ ਲਗਾਤਾਰ 1837 ਤਕ ਜਿੱਤਾਂ ਦਾ ਇਹ ਸਿਲਸਿਲਾ ਜਾਰੀ ਰਿਹਾ।

ਜੇ ਅੱਜ ਦੇ ਨਕਸ਼ੇ ਦੇ ਹਿਸਾਬ ਨਾਲ ਗੱਲ ਕਰੀਏ ਤਾਂ ਲੁਧਿਆਣੇ ਤੋਂ ਸ਼ੁਰੂ ਹੁੰਦਾ ਉਸਦਾ ਰਾਜ (ਅੱਜ ਦੇ ਪਾਕਿਸਤਾਨ ਸਮੇਤ) ਅਫ਼ਗਾਨਿਸਤਾਨ ਦੇ ਕਾਬਲ ਤਕ ਅਤੇ ਦੂਜੇ ਪਾਸੇ ਕਸ਼ਮੀਰ, ਲੱਦਾਖ, ਅੱਜ ਦਾ ਹਿਮਾਚਲ ਪ੍ਰਦੇਸ਼ ਤੇ ਤਿੱਬਤ ਦਾ ਕੁਝ ਹਿੱਸਾ ਵੀ ਉਸ ਵਿਚ ਸ਼ਾਮਿਲ ਸੀ। ਮਹਾਰਾਜੇ ਦੇ ਰਾਜ ਦੀ ਮਜ਼ਬੂਤੀ ਇਸ ਗੱਲ ਤੋਂ ਪਤਾ ਲਗਦੀ ਹੈ ਕਿ ਸਾਰਾ ਹਿੰਦੁਸਤਾਨ ਫਤਹਿ ਕਰਨ ਵਾਲੇ ਅੰਗਰੇਜ਼ ਵੀ ਮਹਾਰਾਜੇ ਦੇ ਜੀਉਂਦੇ ਜੀਅ ਉਸ ਦੇ ਰਾਜ ਤੇ ਹਮਲਾ ਕਰਨ ਦਾ ਹੀਆ ਨਾ ਕਰ ਸਕੇ। ਪੰਜਾਬ ਦੇ ਇਸ ਵਿਸ਼ਾਲ ਰਾਜ ਨੂੰ ਉਹ ਮਹਾਰਾਜੇ ਦੀ ਮੌਤ ਤੋਂ ਬਾਅਦ ਹੀ ਹਥਿਆ ਸਕੇ। ਉਹਦੇ 'ਚ ਵੀ ਉਹਨਾਂ ਨੂੰ 10 ਸਾਲ ਲਗ ਗਏ। 1839 'ਚ ਮਹਾਰਾਜਾ ਚਲਾਣਾ ਕਰਦਾ ਹੈ ਤੇ 1849 'ਚ ਅੰਗਰੇਜ਼ ਇਸ ਉੱਤਰੀ ਖਿੱਤੇ ਤੇ ਕਾਬਜ਼ ਹੁੰਦੇ ਹਨ। ਮਹਾਰਾਜੇ ਰਾਜ ਬਣਾਇਆ ਹੀ ਨਹੀਂ, ਨੀਤੀ ਸਹਿਤ ਚਲਾਇਆ ਵੀ। ਉਸਦੇ ਰਾਜ 'ਚ ਹਿੰਦੂਆਂ-ਮੁਸਲਮਾਨਾਂ ਦੀ ਗਿਣਤੀ ਤਕਰੀਬਨ ਬਰਾਬਰ-ਬਰਾਬਰ (50-50) ਸੀ ਪਰ ਮਹਾਰਾਜੇ ਦੇ ਇਤਿਹਾਸ ਦਾ ਇਕ ਵੀ ਪੰਨਾ ਫਿਰਕੂ ਫਸਾਦਾਂ ਦੀ ਗਵਾਹੀ ਨਹੀਂ ਭਰਦਾ।

ਰਾਜ ਵਿਚ ਗਊ-ਹੱਤਿਆ ਕਾਨੂੰਨਨ ਬੰਦ ਸੀ, ਬੁੱਚੜਖਾਨੇ ਤਾਂ ਅੰਗਰੇਜ਼ਾਂ ਦੇ ਆਉਣ ਤੋਂ ਬਾਅਦ ਹੀ ਸ਼ੁਰੂ ਹੋਏ। ਲੋਹਾ ਆਕੀਆਂ ਨਾਲ ਲਿਆ ਜਾਂਦਾ, ਪਰਜਾ ਤੇ ਵਧੀਕੀ ਦਾ ਕੋਈ ਮਤਲਬ ਨਹੀਂ ਸੀ। ਲੁੱਟ-ਮਾਰ, ਪੱਛਮੀ ਹਮਲੇ ਅਤੇ ਬੰਦਿਆਂ ਤੇ ਔਰਤਾਂ ਨੂੰ ਬੰਦੀ ਬਣਾ ਕੇ ਲੈ ਜਾਣਾ ਹੁਣ ਭੂਤ ਦਾ ਵਿਸ਼ਾ ਬਣ ਚੁੱਕੇ ਸਨ। ਖ਼ੈਬਰ-ਦੱਰੇ ਦੇ ਰਸਤੇ ਆਉਣ ਵਾਲੇ ਗਜ਼ਨੀ, ਗੌਰੀ ਜਿਹੇ ਹਮਲਾਵਰ ਆਪਣੀਆਂ ਭਵਿੱਖੀ ਸੰਭਾਵਨਾਵਾਂ ਗੁਆ ਚੁੱਕੇ ਸਨ। ਇਤਿਹਾਸ ਦੀ ਦਿਸ਼ਾ ਨੂੰ ਉੱਕਾ-ਪੁੱਕਾ ਮੋੜ ਕੇ ਰੱਖ ਦਿੱਤਾ ਸੀ ਮਹਾਰਾਜੇ ਨੇ। ਰਾਜ ਵਿਚ ਵੱਖ-ਵੱਖ ਫਿਰਕਿਆਂ ਦੇ ਲੋਕ ਇਕੱਠੇ ਵਸਦੇ, ਆਪਸੀ ਵਪਾਰ ਲੈਣ-ਦੇਣ ਕਰਦੇ, ਸਭਿਆਚਾਰਕ ਸਾਥ ਨਿਬਾਹੁੰਦੇ। ਸਾਡੇ ਅਜੋਕੇ ਸਮਾਜ ਦੇ ਵਿਗਾੜ— ਹਿੰਸਾ, ਬਲਾਤਕਾਰ, ਰਿਸ਼ਵਤਖੋਰੀ ਆਦਿ ਮਹਾਰਾਜੇ ਦੇ ਇਤਿਹਾਸ-ਕਾਲ ਦਾ ਹਿੱਸਾ ਨਹੀਂ ਬਣ ਸਕੇ।

ਮਹਾਰਾਜੇ ਦਾ ਸਮੁੱਚਾ ਜੀਵਨ ਸੰਘਰਸ਼ਮਈ ਸੀ ਪਰ ਉਸ ਵਿਚ ਸੁਬਹਾ ਦਾ ਸਮਾਂ ਇਬਾਦਤ ਲਈ ਰਾਖਵਾਂ ਹੁੰਦਾ। ਇਹ ਉਸਦੀ ਕਾਰਜ-ਸ਼ੈਲੀ ਦਾ ਨਿਵੇਕਲਾ ਗੁਣ ਸੀ। ਇਤਿਹਾਸ 'ਚ ਰਣਜੀਤ ਸਿੰਘ ਦਾ ਉਭਾਰ ਖਾਲਸਾ ਰਾਜ ਦਾ ਉਭਾਰ ਸੀ ਤੇ ਉਸਦੇ ਫੌਤ ਹੁੰਦਿਆਂ ਹੀ ਖਾਲਸਾ ਰਾਜ ਦਾ ਵੀ ਪਤਨ ਹੋ ਗਿਆ। ਇਤਿਹਾਸ ਦਾ ਇਹ ਸੁਨਹਿਰੀ ਕਾਲ ਸਾਡੇ ਲਈ ਇਕ ਮਾਡਲ ਦੀ ਤਰ੍ਹਾਂ ਹੈ ਜਿਸ ਨੇ ਭਵਿੱਖੀ ਸੰਭਾਵਨਾਵਾਂ ਨੂੰ ਘੜਨਾ ਹੈ।

❖ **ਮਨਿੰਦਰ ਸਿੰਘ ਸੋਨੀ, ਮੋ: 9891591206**

## ਖਾਲਸਾ ਸਮਾਚਾਰ
## ੧੦੦ ਸਾਲ ਪਹਿਲਾਂ
**ਹਫ਼ਤਾਵਾਰ ਪੰਜਾਬੀ ਪਰਚਾ**

# ਬਾਬੇ ਦੀ ਬੇਰ

ਕਿਸੇ ਚੀਜ਼ ਦੇ ਉੱਚੀ ਤੋਂ ਨੀਵੀਂ ਥਾਂ ਤੇ ਆ ਪੈਣ ਤੇ 'ਪਤ' ਦੀ ਆਵਾਜ਼ ਨਿਕਲਦੀ ਹੈ। ਸੰਸਕ੍ਰਿਤ ਵਾਲਿਆਂ ਇਸੇ 'ਪਤ' ਧਾਤੂ ਤੋਂ 'ਪਤਤ' ਸ਼ਬਦ ਬਣਾਇਆ ਜਿਸਦੇ ਅਰਥ ਡਿੱਗਣ ਦੇ ਹੁੰਦੇ ਹਨ, ਪ੍ਰੰਤੂ ਮਜ਼ਹਬੀ ਦੁਨੀਆ ਵਿਚ ਪੱਤਤ ਤੋਂ ਮੁਰਾਦ ਉਸ ਆਦਮੀ ਤੋਂ ਲਈ ਜਾਂਦੀ ਹੈ ਜੋ ਆਪਣੇ ਧਰਮ ਦੇ ਆਦਰਸ਼ ਜਾਂ ਮਜ਼ਹਬੀ ਅਸੂਲ ਜਾਂ ਅਸੂਲਾਂ ਦਾ ਕਿਸੇ ਇਕ ਜਾਂ ਦੂਜੇ ਪਹਿਲੂ ਤੋਂ ਤਿਆਗ ਕਰ ਦੇਵੇ।

ਸੈਹਜਧਾਰੀ ਦੇ ਅਰਥ ਹਨ, ਸੈਹਜ ਸੈਹਜ, ਹੌਲੀ ਹੌਲੀ ਧਾਰਨ ਕਰਨ ਵਾਲਾ ਜਗਯਾਸੂ।

ਪੱਤਤ ਤੇ ਸੈਹਜਧਾਰੀ ਦੇ ਅਰਥਾਂ ਨੂੰ ਸਿੱਖੀ ਦੇ ਨੁਕਤੇ ਤੋਂ ਜ਼ਰਾ ਵਿਸਤਾਰ ਨਾਲ ਇਓ ਸਪਸ਼ਟ ਕੀਤਾ ਜਾ ਸਕਦਾ ਹੈ ਕਿ ਪੱਤਤ ਉਹ ਆਦਮੀ ਹੈ ਜੋ ਸਿੱਖੀ ਦੇ ਅਸੂਲਾਂ ਨੂੰ ਤਿਆਗ ਚੁੱਕਾ ਜਾਂ ਤਿਆਗਦਾ ਜਾ ਰਿਹਾ ਹੈ। ਅਜੇਹੇ ਆਦਮੀ ਨਾਲ ਸਿੱਖ ਕਿਸੇ ਤਰਾਂ ਦਾ ਵੀ ਵਰਤਾਓ ਕਰਨ ਨੂੰ ਤਿਆਰ ਨਹੀਂ ਤੇ ਆਪਣੀ ਸੰਗਤ ਜਾਂ ਪੰਗਤ ਵਿਚ ਤਦ ਤਕ ਸ਼ਾਮਲ ਨਹੀਂ ਹੋਣ ਦੇਂਦੇ ਜਦ ਤਕ ਕਿ ਉਹ ਆਪਣੀ ਪਤਤਾਈ ਪਰ ਸੰਗਤ ਦੇ ਵਿਚ ਖੜਾ ਹੋ ਕੇ ਅੰਮ੍ਰਤ ਨਾ ਛਕ ਲਵੇ। ਸਿੱਖ ਇਤਹਾਸ ਵਿਚ ਅਜੇਹੇ ਪ੍ਰਮਾਣ ਮਿਲਦੇ ਹਨ ਕਿ ਸਿੱਖ ਪੱਤਤ ਨਾਲ ਮੇਲ ਮਿਲਾਪ ਜਾਂ ਉਸਨੂੰ ਆਪਣੇ ਵਿਚ ਕੋਈ ਖਾਸ ਦਰਜਾ ਦੇਣਾ ਤਾਂ ਕਿਤੇ ਰਿਹਾ, ਮੂੰਹ ਲਗਾਣਾ ਤਕ ਪਸੰਦ ਨਹੀਂ ਕਰਦੇ ਸਨ।

ਸੈਹਜਧਾਰੀ ਉਹ ਆਦਮੀ ਹੈ ਜੋ ਗੁਰੂ ਮੈਂਹਮਾ ਸਿੱਖੀ ਦੀ ਗੌਰਵਤਾ ਤਕ ਕੇ ਇਸ ਰੌਸ਼ਨੀ ਤੋਂ ਕੁਰਬਾਨ ਹੋਣ ਲਈ ਪ੍ਰਵਾਨੇ ਵਾਂਗ ਇਧਰ ਖਿਚਿਆ ਚਲਿਆ ਆ ਰਿਹਾ ਹੈ। ਸੈਹਜਧਾਰੀ ਤੇ ਪੱਤਤ ਵਿਚ ਜ਼ਮੀਨ ਅਸਮਾਨ ਜਿਡਾ ਪਾੜਾ ਤੇ ਇਹ ਦਿਨ ਰਾਤ ਜਿੰਨਾ ਫਰਕ ਹੁੰਦਿਆਂ ਹੋਇਆਂ ਵੀ ਬਾਜ਼ੀ ਜਗਾ ਲੋਕਾਂ ਦੀ ਸਮਝ ਵਿਚ ਨਹੀਂ ਆ ਰਿਹਾ ਜਿਸ ਤੋਂ ਸਿੱਖਾਂ ਨੂੰ ਅਤਿ ਕਸ਼ਟ ਅਨੁਭਵ ਹੋ ਰਿਹਾ ਹੈ।

ਇਹ ਹੀ ਕਾਰਨ ਹੈ ਪੰਥ ਦੇ ਸਰੋਮਣੀ ਜੱਥੇ ਚੀਫ ਖਾਲਸਾ ਦੀਵਾਨ ਨੇ 12 ਮਈ ਨੂੰ ਸਰਮਾਈਕਲ ਓਡਵਾਇਰ ਲਫਟੰਟ ਗੂਰਨਰ ਪੰਜਾਬ ਨੂੰ ਐਡਰੈਸ ਦੇਣ ਲਗੇ ਰੀਫਾਰਮ ਸਕੀਮ ਵਿਚ ਸਿੱਖਾਂ ਨੂੰ ਵੱਖਰੇ ਹੱਕ ਮਿਲਣ ਦਾ ਧੰਨਵਾਦ ਕਰਦੇ ਹੋਏ ਇਸ ਮਾਮਲੇ ਵਲ ਉਨ੍ਹਾਂ ਦੀ ਤਵੱਜੋ ਖਾਸ ਤੌਰ ਤੇ ਦਵਾਂਦੇ ਹੋਏ ਕਿਹਾ ਸੀ ਕਿ :—

> While greatly appreciating the boon of separate communal representation the community strongly feels that advantage of this may not be taken by persons who have cut off all connections with the community and are apostates from the Sikh fold and it hopes that Government will be pleased to take necessary steps to safeguard that this valued boon is enjoyed only by real Sikhs.

"ਨਾਲ ਹੀ ਇਹ ਬੇਨਤੀ ਕਰ ਦੇਣੀ ਭੀ ਜ਼ਰੂਰੀ ਹੈ ਕਿ ਇਨ੍ਹਾਂ ਤੋਂ ਲਾਭ ਉਹਨਾਂ ਆਦਮੀਆਂ ਨੂੰ ਨਹੀਂ ਉਠਾਣ ਦੇਣਾ ਚਾਹੀਦਾ ਜੋ ਸਿੱਖੀ ਧਰਮ ਤੋਂ ਪਤਤ ਹੋ ਚੁਕੇ ਹਨ ਜਿਸ ਕਰਕੇ ਗੂਰਨਮੈਂਟ ਨੂੰ ਸਿੱਖਾਂ ਦੇ ਏਹਨਾਂ ਅਧਿਕਾਰਾਂ ਨੂੰ ਮਾਫੂਜ਼ ਰੱਖਣ ਦੀ ਕ੍ਰਿਪਾਲਤਾ ਕਰਨੀ ਚਾਹੀਦੀ ਹੈ।" ਹਿਜ਼ ਆਨਰ ਨੇ ਇਸ ਦੇ ਉਤਰ ਵਿਚ ਕਿਹਾ ਕਿ :—

"ਇਹ ਸਵਾਲ ਕਿ ਸਿੱਖ ਕੌਣ ਹੈ? ਦਾ ਫੈਸਲਾ ਸਿੱਖਾਂ ਦੇ ਮਜ਼੍ਹਬੀ ਅਸੂਲਾਂ ਭਾਵਾਂ ਤੇ ਪ੍ਰੰਪਰਾ ਨਾਲ ਫੈਸਲਾ ਪਾਣ ਵਾਲਾ ਹੈ ਅਤੇ ਇਸ ਦਾ ਸਿੱਖ ਆਪ ਹੀ ਅੱਛਾ ਫੈਸਲਾ ਕਰਨ ਵਾਲੇ ਹੋ ਸਕਦੇ ਹਨ, ਤੇ ਗੂਰਨਮੈਂਟ ਸਿੱਖਾਂ ਦੇ ਕੀਤੇ ਫੈਸਲੇ ਨੂੰ ਖੁਸ਼ੀ ਨਾਲ ਪ੍ਰਵਾਨ ਕਰੇਗੀ, ਜੇ ਉਹ ਫੈਸਲਾ ਸਰਬ ਸੰਮਤੀ ਨਾਲ ਜਾਂ ਲਗ ਭਗ ਸਰਬ ਸੰਮਤੀ ਨਾਲ ਹੋਵੇ"।

ਇਹ ਹੌਸਲੇ ਭਰੇ ਵਾਕ ਸੁਣ ਕੇ ਸਿੱਖਾਂ ਨੂੰ ਖਿਆਲ ਹੋ ਗਿਆ ਸੀ ਕਿ ਅੱਗੋਂ ਨੂੰ ਉਹਨਾਂ ਦੇ ਸਾਹਮਣੇ ਇਹ ਕਸ਼ਟ ਦਾਇਕ ਸਵਾਲ ਪੇਸ਼ ਨਹੀਂ ਹੋਵੇਗਾ ਪ੍ਰੰਤੂ ਇਹ ਗਲ **ਖਾਲਸਾ ਐਡਵੋਕੇਟ** ਵਿਚ ਬੜੇ ਦੁਖ ਨਾਲ ਪੜ੍ਹੀ ਗਈ ਹੈ ਕਿ ਸਿਆਲਕੋਟ ਸ਼ੈਹਰ ਵਿਚ ਬਾਬੇ ਦੀ ਬੇਰ ਦੇ ਸਰਬਰਾਹੀ ਦੇ ਮੁਕੱਦਮੇਂ ਵਿਚ ਸਿੱਖਾਂ ਦੀ ਰਾਏ ਦੀ ਪਰਵਾਹ ਨਹੀਂ ਹੋਈ।

ਹਰਨਾਮੀ ਸ਼ਾਹ ਵਾਲੇ ਮਾਮਲੇ ਵਿਚ ਸਿੱਖਾਂ ਨੇ ਆਪਣੀ ਸਰਬ ਸੰਮਤੀ ਨਾਲ ਸਰਕਾਰੀ ਅਫਸਰਾਂ ਤੇ ਦਸ ਦਿੱਤਾ ਸੀ ਕਿ ਉਹ ਕਿਸੇ ਅਜੇਹੇ ਆਦਮੀ ਨੂੰ ਜੋ ਕੇਸਾਂ ਨਾਲੋਂ ਨੇਹੁੰ ਤੋੜ ਚੁੱਕਾ ਹੋਵੇ ਸਿੱਖ ਨਹੀਂ ਸਮਝਦੇ ਤੇ ਨਾ ਹੀ ਕਿਸੇ ਅਜੇਹੇ ਆਦਮੀ ਨੂੰ ਆਪਣਾ ਪ੍ਰਤਿਨਿਧ ਬਣਾਨ ਨੂੰ ਤਯਾਰ ਹੋਨ। ਸਿਆਲਕੋਟ ਵਾਲੇ ਮਾਮਲੇ ਵਿਚ ਵੀ ਸਿੰਘ ਸਭਾਵਾਂ ਨੇ ਆਪਣੇ ਆਪਣੇ ਰੈਜ਼ੋਲਯੂਸ਼ਨਾਂ ਵਿਚ ਇਸ ਮਾਮਲੇ ਨੂੰ ਸਪਸ਼ਟ ਕਰ ਦਿਤਾ ਸੀ ਕਿ ਸਿੱਖ ਗੁਰਦ੍ਵਾਰੇ ਤੇ ਸਿੱਖਾਂ ਦੀਆਂ ਵਕਫ ਜਾਇਦਾਦਾਂ ਦਾ ਸਰਬਰਾਹ ਕੋਈ ਅਜੇਹਾ ਆਦਮੀ ਨਹੀਂ ਹੋਣਾ ਚਾਹੀਦਾ ਜੋ ਸਿੱਖੀ ਤੋਂ ਉਦਾਸ ਹੋ ਚੁਕਾ ਹੋਵੇ। ਅਜੇਹੀ ਹਾਲਤ ਵਿਚ ਅਸੀਂ ਇਹ ਸਮਝਣ ਤੋਂ ਅਸਮਰਥ ਹਾਂ ਕਿ ਅਦਾਲਤ ਨੇ ਕੇਹੜੇ ਸਿੱਖਾਂ ਦੀ ਸੰਮਤੀ ਵੇਖਕੇ ਆਪਣਾ ਫੈਸਲਾ ਕੀਤਾ ਹੈ?

ਅਸੀਂ ਸਰ ਐਡਵਰਡ ਮੈਕਲੇਗਨ ਲਫਟੰਟ ਗੂਰਨਰ ਪੰਜਾਬ ਤੇ ਉਹਨਾਂ ਦੀ ਗਵਰਨਮੈਂਟ ਦੀ ਤਵਜੋਂ ਬੜੀ ਅਧੀਨਗੀ ਨਾਲ ਉਹਨਾਂ ਦੇ ਪੇਸ਼ ਹੋ ਲਾਟ ਸਾਹਿਬ ਦੇ ਵਾਕਾਂ ਵਲ ਦਵਾਂਦੇ ਹੋਏ ਬਿਨੈ ਕਰਦੇ ਹਾਂ ਕਿ ਸਿਆਲਕੋਟ ਬਾਬੇ ਦੀ ਬੇਰ ਵਾਲੇ ਸਰਬਰਾਹੀ ਦੇ ਫੈਸਲੇ ਤੋਂ ਬ੍ਰਿਟਸ਼ ਗੂਰਨਮੈਂਟ ਦੀ ਵਫਾਦਾਰ ਸਿੱਖ ਪ੍ਰਜਾ ਦੇ ਦਿਲ ਅਤਿ ਦੁਖੀ ਹੋ ਰਹੇ ਹਨ। ਆਪ ਨੇ ਹੁਣ ਪੰਜਾਬ ਦੀ ਹਕੂਮਤ ਦੀ ਬਾਗਡੋਰ ਆਪਣੇ ਹੱਥ ਲਈ ਹੈ, ਸਿੱਖਾਂ ਦੇ ਇਸ ਪ੍ਰਕਾਰ ਦੇ ਦੁਖਾਂ ਨੂੰ ਦੂਰ ਕਰਕੇ ਧੰਨਜਵਾਦੀ ਬਣਾਓ। ਸਿਆਲਕੋਟ ਦੇ ਸੱਜਨੋਂ ਆਪ ਅਪੀਲ ਕਰੋ ਤੇ ਹੇ ਪੰਥ ਪਿਆਰਿਓ ਆਪ ਮਦਦ ਦਿਓ।

ਸੰਪਾਦਕੀ, **ਖਾਲਸਾ ਸਮਾਚਾਰ**
(12 ਜੂਨ, 1919)

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੯੦, ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੪੯੫}

ਵਡਹੰਸੁ ਮਹਲਾ ੩, ਚਉਪਦਾ ੭-੧੦

| ਮੂਲ | ਅਰਥ |
|---|---|
| ਵਡਹੰਸੁ ਮਹਲਾ ੩॥ ਰਸਨਾ ਹਰਿ ਸਾਦਿ ਲਗੀ ਸਹਜਿ ਸੁਭਾਇ॥ ਮਨੁ ਤ੍ਰਿਪਤਿਆ ਹਰਿ ਨਾਮੁ ਧਿਆਇ॥੧॥ | ਹਰੀ ਦੇ ਸੁਆਦ ਵਿਚ ਰਸਨਾ ਸਹਜ ਸੁਭਾਵ ਹੀ ਲਗ ਰਹੀ ਹੈ, (ਭਾਵ ਕੋਈ ਹਠ ਨਹੀਂ ਧਾਰਨਾ ਪਿਆ)। (ਇਸੇ) ਹਰੀ ਨਾਮ ਨੂੰ ਧਿਆ (ਧਿਆ) ਕੇ ਮਨ (ਬੀ) ਤ੍ਰਿਪਤ ਹੋ ਗਿਆ ਹੈ॥੧॥ |
| ਸਦਾ ਸੁਖੁ ਸਾਚੈ ਸਬਦਿ ਵੀਚਾਰੀ॥ ਆਪਣੇ ਸਤਗੁਰ ਵਿਟਹੁ ਸਦਾ ਬਲਿਹਾਰੀ॥੧॥ਰਹਾਉ॥ | (ਮੈਂ) ਆਪਣੇ ਸਤਿਗੁਰੂ ਉਤੋਂ ਸਦਾ ਸਦਕੇ ਹਾਂ, (ਜਿਸ ਦੇ ਦਿਤੇ) ਸੱਚੇ ਸ਼ਬਦ (ਉਪਦੇਸ਼) ਦੁਆਰਾ ਵੀਚਾਰ ਕਰਨੇ ਤੇ ਸਦੈਵੀ ਸੁਖ (ਪ੍ਰਾਪਤ ਹੋਇਆ) ਹੈ॥੧॥ਰਹਾਉ॥ |
| ਅਖੀ ਸੰਤੋਖੀਆ ਏਕ ਲਿਵਲਾਇ॥ ਮਨੁ ਸੰਤੋਖਿਆ ਦੂਜਾ ਭਾਉ ਗਵਾਇ॥੨॥ | ਇੱਕੋ (ਪ੍ਰਭੂ) ਦੀ ਲਿਵ ਲਾਉਣ ਕਰਕੇ ਅੱਖਾਂ ਨੂੰ ਸੰਤੋਖ ਆ ਗਿਆ ਹੈ ਅਤੇ ਦੁਐਤ ਭਾਵ ਦੂਰ ਕਰ ਦੇਣ ਕਰਕੇ ਮਨ ਸੰਤੋਖ ਵਿਚ ਆ ਗਿਆ ਹੈ॥੨॥ |
| ਦੇਹ ਸਰੀਰਿ ਸੁਖੁ ਹੋਵੈ ਸਬਦਿ ਹਰਿ ਨਾਇ॥ ਨਾਮੁ ਪਰਮਲੁ ਹਿਰਦੈ ਰਹਿਆ ਸਮਾਇ॥੩॥ | (ਗੁਰੂ) ਉਪਦੇਸ਼ ਦੁਆਰਾ ਹਰੀ ਨਾਮ (ਜਪਣੇ ਕਰਕੇ ਸਥੂਲ) ਦੇਹ (ਤੇ ਸੂਖਮ) ਸਰੀਰ ਵਿਚ ਸੁਖ ਹੁੰਦਾ ਹੈ, (ਕਿਉਂਕਿ) ਚੰਦਨ (ਸਮ ਸੁਗੰਧੀ ਦਾਤਾ) ਨਾਮ ਹਿਰਦੇ ਵਿਚ ਸਮਾ ਰਿਹਾ ਹੁੰਦਾ ਹੈ॥੩॥ |
| ਨਾਨਕ ਮਸਤਕਿ ਜਿਸੁ ਵਡਭਾਗੁ॥ ਗੁਰ ਕੀ ਬਾਣੀ ਸਹਜ ਬੈਰਾਗੁ॥੪॥੭॥ | ਹੇ ਨਾਨਕ! ਜਿਸ ਦੇ ਮੱਥੇ ਉੱਤੇ ਵੱਡੇ ਭਾਗ (ਹੁੰਦੇ ਹਨ, ਉਸ ਨੂੰ) ਗੁਰੂ ਦੀ ਬਾਣੀ (ਸੁਣਕੇ) ਸਹਜ ਬੈਰਾਗ (ਪ੍ਰਾਪਤ ਹੁੰਦਾ) ਹੈ॥੪॥੭॥ |

## ਭਾਰਤ-ਪਾਕਿ 'ਚ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਸੰਕੇਤਕ ਰੂਪ 'ਚ ਮਨਾਈ

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ 181ਵੀਂ ਬਰਸੀ ਸੰਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਦਰਬਾਰ ਸਾਹਿਬ ਸਮੂਹ 'ਚ ਗੁਰਦੁਆਰਾ ਮੰਜੀ ਸਾਹਿਬ ਵਿਖੇ ਸੰਕੇਤਕ ਰੂਪ 'ਚ ਸਮਾਗਮ ਕਰਵਾਏ ਗਏ। ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਗੁਰਬਾਣੀ ਦਾ ਕੀਰਤਨ ਹਜ਼ੂਰੀ ਰਾਗੀ ਵੱਲੋਂ ਕੀਤਾ ਗਿਆ। ਭਾਈ ਹਰਿਮਿੰਤਰ ਸਿੰਘ ਨੇ ਮਹਾਰਾਜੇ ਦੇ ਜੀਵਨ ਤੇ ਚਾਨਣਾ ਪਾਇਆ। ਇਸ ਮੌਕੇ ਸ਼੍ਰੋਮਣੀ ਕਮੇਟੀ, ਧਰਮ ਪ੍ਰਚਾਰ ਕਮੇਟੀ ਅਤੇ ਸ੍ਰੀ ਦਰਬਾਰ ਸਾਹਿਬ ਦਾ ਅਮਲਾ ਹਾਜ਼ਰ ਸੀ। ਸੰਗਤਾਂ ਦੀ ਆਮਦ ਘੱਟ ਰਹੀ। ਕਰੋਨਾ ਸੰਕਟ ਦੇ ਚਲਦਿਆਂ ਇਸ ਵਾਰ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਤੇ ਪਾਕਿਸਤਾਨ ਗੁਰਧਾਮਾਂ ਦੀ ਯਾਤਰਾ ਲਈ ਸਿੱਖ ਸ਼ਰਧਾਲੂਆਂ ਦਾ ਜਥਾ ਉੱਥੇ ਨਹੀਂ ਜਾ ਸਕਿਆ। ਦੂਜੇ ਪਾਸੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਸੰਬੰਧੀ ਸਮਾਗਮ ਲਾਹੌਰ ਦੇ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਕਰਵਾਇਆ ਗਿਆ। ਇਸ ਦਿਨ 27 ਜੂਨ ਨੂੰ ਰਖੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਗੁਰਬਾਣੀ ਦੇ ਕੀਰਤਨ ਮਗਰੋਂ ਅਰਦਾਸ ਹੋਈ ਅਤੇ ਲੰਗਰ ਵੀ ਵਰਤਾਇਆ ਗਿਆ। ਪ੍ਰਬੰਧਕਾਂ ਨੇ ਕਿਹਾ ਕਿ ਮਹਾਂਮਾਰੀ ਦੇ ਚਲਦਿਆਂ ਸਮਾਗਮ ਸੰਕੇਤਕ ਰੂਪ 'ਚ ਹੀ ਕੀਤੇ ਗਏ ਹਨ। ਸਮਾਗਮ ਵਿਚ ਵਿਦੇਸ਼ ਤੋਂ ਕੋਈ ਵੀ ਸਿੱਖ ਸ਼ਰਧਾਲੂ ਸ਼ਾਮਿਲ ਨਹੀਂ ਹੋਇਆ, ਸਿਰਫ਼ ਪਾਕਿਸਤਾਨੀ ਸਿੱਖਾਂ ਨੇ ਹੀ ਹਿੱਸਾ ਲਿਆ।

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

# ਪ੍ਰੋ. ਰਾਜਕੁਮਾਰ ਹੰਸ ਵੱਲੋਂ ਭਗਤ ਰਵਿਦਾਸ ਦੇ ਸਮਾਜਿਕ ਦ੍ਰਿਸ਼ਟੀਕੋਣ ਤੇ ਲੈਕਚਰ



ਪ੍ਰੋ. ਰਾਜਕੁਮਾਰ ਹੰਸ ਭਗਤ ਰਵਿਦਾਸ ਬਾਰੇ ਵਿਚਾਰ ਰੱਖਦੇ ਹੋਏ।

ਨਵੀਂ ਦਿੱਲੀ, 26 ਜੂਨ, 2020 : ਗੁਰੂ ਗ੍ਰੰਥ ਸਾਹਿਬ ਰਿਸੋਰਸ ਸੈਂਟਰ, ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ ਭਗਤਾਂ ਤੇ ਅਧਾਰਿਤ ਲੈਕਚਰ-ਲੜੀ ਦੇ ਤਹਿਤ ਇਸ ਵਾਰ ਪ੍ਰੋ. ਰਾਜਕੁਮਾਰ ਹੰਸ ਵੱਲੋਂ ਭਗਤ ਰਵਿਦਾਸ ਦੇ ਸਮਾਜਿਕ ਦ੍ਰਿਸ਼ਟੀਕੋਣ ਬਾਰੇ ਚਰਚਾ ਕੀਤੀ ਗਈ। ਕੋਵਿਡ ਮਹਾਂਮਾਰੀ ਦੇ ਚਲਦਿਆਂ ਇਸ ਵਾਰ ਇਸ ਚਰਚਾ ਦਾ ਆਨਲਾਈਨ ਆਯੋਜਨ ਹੀ ਕੀਤਾ ਗਿਆ।

ਭਗਤ ਰਵਿਦਾਸ ਬਾਰੇ ਗੱਲ ਸ਼ੁਰੂ ਕਰਦਿਆਂ ਪ੍ਰੋ. ਰਾਜਕੁਮਾਰ ਹੰਸ ਨੇ ਭਾਰਤ ਦੀ ਸਾਹਿਤਕ-ਸਭਿਆਚਾਰਕ ਪਰੰਪਰਾ ਦੀ ਪੜਚੋਲ ਕੀਤੀ ਜਿਸ ਵਿਚ ਉਨ੍ਹਾਂ ਹੜੱਪਾ ਸੰਸਕ੍ਰਿਤੀ ਤੋਂ ਲੈ ਕੇ ਮੌਜੂਦਾ ਸਮੇਂ ਤੱਕ ਹੋਈਆਂ ਪ੍ਰਮੁੱਖ ਤਬਦੀਲੀਆਂ ਦਾ ਜ਼ਿਕਰ ਕੀਤਾ। ਇਸ ਸਾਰੀ ਪਰੰਪਰਾ 'ਚ ਉਹਨਾਂ ਇਕ ਪਾਸੇ ਬ੍ਰਾਹਮਣਵਾਦ ਤੇ ਵਰਣ-ਵਿਵਸਥਾ ਤੇ ਦੂਜੇ ਪਾਸੇ ਇਸ ਦੇ ਪ੍ਰਤਿਉਤਰ 'ਚ ਮਹਾਤਮਾ ਬੁੱਧ, ਇਸਲਾਮ ਤੇ ਫਿਰ ਭਗਤੀ ਲਹਿਰ ਨਾਲ ਹੋਏ ਸਭਿਆਚਾਰਕ ਬਦਲਾਓ ਦਾ ਜ਼ਿਕਰ ਕੀਤਾ। ਪ੍ਰੋ. ਰਾਜਕੁਮਾਰ ਹੰਸ ਮੁਤਾਬਕ ਭਗਤੀ ਲਹਿਰ 'ਚ ਭਗਤ ਰਵਿਦਾਸ ਦਾ ਸਮਾਜ ਪ੍ਰਤੀ ਯੋਗਦਾਨ ਇਕ ਮਾਨਵਵਾਦੀ ਅਧਿਆਤਮਿਕ ਵਿਵਸਥਾ ਨੂੰ ਕਾਇਮ ਕਰਨਾ ਸੀ ਜਿਸ ਲਈ ਉਨ੍ਹਾਂ ਬੇਗ਼ਮਪੁਰਾ ਸ਼ਹਿਰ ਦੀ ਕਲਪਨਾ ਕੀਤੀ। ਉਨ੍ਹਾਂ ਅਨੁਸਾਰ ਰਵਿਦਾਸ ਜੀ ਨੇ ਕਿਸੇ ਦੇਸ਼ ਜਾਂ ਪਿੰਡ ਨੂੰ ਆਧਾਰ ਬਣਾਉਣ ਦੀ ਬਜਾਇ ਸ਼ਹਿਰ ਨੂੰ ਚੁਣਿਆ ਕਿਉਂਜੋ ਸ਼ਹਿਰਾਂ ਤੋਂ ਹੀ ਪਿੰਡਾਂ ਤੇ ਕਸਬਿਆਂ ਦੀ ਵਿਵਸਥਾ ਪ੍ਰਭਾਵਿਤ ਹੁੰਦੀ ਹੈ। ਨਿਰਗੁਣ ਪਰੰਪਰਾ ਦੇ ਭਗਤ ਰਵਿਦਾਸ ਨੇ ਆਪਣੀ ਬਾਣੀ 'ਚ ਵਰਗ ਰਹਿਤ ਅਤੇ ਨਿਆਂ ਤੇ ਅਧਾਰਿਤ ਸਮਾਜ ਦਾ ਤਸੱਵਰ ਪੇਸ਼ ਕੀਤਾ। ਗੁਰਬਾਣੀ ਅਤੇ ਹੋਰ ਗ੍ਰੰਥਾਂ ਦੇ ਹਵਾਲੇ ਨਾਲ ਉਨ੍ਹਾਂ ਭਗਤ ਰਵਿਦਾਸ ਦੀ ਬ੍ਰਹਿਮੰਡੀ ਸੋਚ ਨੂੰ ਅੱਜ ਦੇ ਪ੍ਰਸੰਗ 'ਚ, ਜਦਕਿ ਸਮਾਜ ਨੂੰ ਫਿਰਕੂ ਤੇ ਖੇਤਰੀ ਲੀਹਾਂ ਤੇ ਵੰਡਣ ਦੀਆਂ ਕੋਸ਼ਿਸ਼ਾਂ ਜਾਰੀ ਹਨ, ਬਹੁਤ ਮੁੱਲਵਾਨ ਦੱਸਿਆ। ਉਪਰੰਤ ਪ੍ਰੋਗਰਾਮ ਦਾ ਸੰਚਾਲਨ ਕਰ ਰਹੇ ਪ੍ਰੋ. ਰਵੇਲ ਸਿੰਘ ਨੇ ਪ੍ਰੋ. ਰਾਜਕੁਮਾਰ ਹੰਸ ਦੇ ਲੈਕਚਰ ਦੀ ਸਲਾਹੁਤਾ ਕਰਦਿਆਂ ਕਿਹਾ ਕਿ ਵਕਤਾ ਵੱਲੋਂ ਭਗਤ ਰਵਿਦਾਸ ਬਾਰੇ ਹੋਰਨਾਂ ਸੋਮਿਆਂ ਤੋਂ ਪ੍ਰਾਪਤ ਹੁੰਦੀ ਜਾਣਕਾਰੀ ਨੇ ਉਹਨਾਂ ਦੇ ਗਿਆਨ 'ਚ ਵਾਧਾ ਕੀਤਾ ਹੈ। ਭਗਤ ਰਵਿਦਾਸ ਦੇ ਬੇਗ਼ਮਪੁਰਾ ਦੇ ਸੰਕਲਪ ਦੀ ਗੱਲ ਕਰਦਿਆਂ ਉਨ੍ਹਾਂ ਪ੍ਰੋ. ਰਾਜਕੁਮਾਰ ਹੰਸ ਰਾਹੀਂ ਅੱਜ ਦੇ ਹਾਲਾਤ ਤੇ ਟਿੱਪਣੀ ਕਰਦਿਆਂ ਹਨੇਰੇ ਤੋਂ ਬਾਅਦ ਰੌਸ਼ਨੀ ਆਉਣ ਦੀ ਗੱਲ ਨੂੰ ਬਹੁਤ ਮਹੱਤਵਪੂਰਨ ਕਿਹਾ। ਇਸ ਦੇ ਨਾਲ ਹੀ ਸਰੋਤਿਆਂ ਵੱਲੋਂ ਉਠਾਏ ਸੁਆਲਾਂ ਦੇ ਉਪਰ ਵੀ ਚਰਚਾ ਕੀਤੀ ਗਈ।

ਅਖ਼ੀਰ 'ਚ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਭਗਤ ਰਵਿਦਾਸ ਬਾਰੇ ਗੱਲ ਕਰਦਿਆਂ ਕਿਹਾ ਕਿ ਉਸ ਵੇਲੇ ਬ੍ਰਾਹਮਣਾਂ ਦੇ ਗੜ੍ਹ 'ਚ ਰਹਿ ਕੇ ਆਪਣੀ ਗੱਲ ਕਰਨੀ ਇਕ ਬੜੀ ਹਿੰਮਤ ਦੀ ਗੱਲ ਸੀ ਪਰ ਭਗਤਾਂ ਨੇ ਨਿਰਭੈ ਹੋ ਕੇ ਮਨੁੱਖਤਾਵਾਦੀ ਬੋਲ ਉਚਾਰੇ ਅਤੇ ਸੰਪਰਦਾਈ ਤਾਕਤਾਂ ਦਾ ਡੱਟ ਕੇ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ 'ਚ ਦਰਜ ਬਾਣੀ 'ਚ ਕਿਸੇ ਕਿਸਮ ਦੇ ਰਲਾ ਦੀ ਕੋਈ ਸੰਭਾਵਨਾ ਨਹੀਂ ਹੈ ਕਿਉਂਜੋ ਪਹਿਲਾਂ ਗੁਰੂ ਅਰਜਨ ਸਾਹਿਬ ਰਾਹੀਂ ਤੇ ਫਿਰ ਗੁਰੂ ਗੋਬਿੰਦ ਸਿੰਘ ਰਾਹੀਂ ਇਸਦਾ ਸਰੂਪ ਤਿਆਰ ਕਰਵਾ ਕੇ ਨਾਲ ਹੀ ਨੀਸਾਣੁ ਰੂਪ 'ਚ ਉਹਨਾਂ ਦੇ ਦਸਤਖ਼ਤ ਮੌਜੂਦ ਹਨ। ਗੁਰੂ ਗੋਬਿੰਦ ਸਿੰਘ ਰਾਹੀਂ ਤਿਆਰ ਕੀਤੇ ਦਮਦਮੀ ਸਰੂਪ ਦਾ ਪ੍ਰਿੰਟ ਰੂਪ ਹੀ ਸ਼੍ਰੋਮਣੀ ਕਮੇਟੀ ਵੱਲੋਂ ਛਾਪ ਕੇ ਅੱਜ ਸਭ ਥਾਈਂ ਪ੍ਰਕਾਸ਼ਿਤ ਹੈ। ਉਪਰੰਤ ਉਨ੍ਹਾਂ ਵਕਤਾ ਪ੍ਰੋ. ਰਾਜਕੁਮਾਰ ਹੰਸ, ਪ੍ਰੋਗਰਾਮ ਦੇ ਸੰਚਾਲਕ ਪ੍ਰੋ. ਰਵੇਲ ਸਿੰਘ ਅਤੇ ਆਨਲਾਈਨ ਚਰਚਾ 'ਚ ਸ਼ਾਮਿਲ ਸਰੋਤਿਆਂ ਦਾ ਤਹਿਦਿਲੋਂ ਧੰਨਵਾਦ ਕੀਤਾ। ✧✧